# ਰਾਗਣੀਆਂ

**ਰਾਜਵੰਤ ਰਾਜ**

**Raagnian**

*by*

**Rajwant Raj**

2015
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

*© 2015*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*



**ਸਮਰਪਣ**

ਗ਼ਜ਼ਲ ਉਸਤਾਦ ਕ੍ਰਿਸ਼ਨ ਭਨੋਟ ਜੀ
ਅਤੇ
ਮੇਰੇ ਪਰਿਵਾਰ
ਨੂੰ

## ਤਤਕਰਾ


- ਭੂਮਿਕਾ 11
- ਪੰਜਾਬੀ ਗ਼ਜ਼ਲ ਦੇ ਨਵੇਂ ਦਿਸਹੱਦੇ  ਸਿਰਜਦੀਆਂ: ਰਾਗਣੀਆਂ 19
- ਮੁਬਾਰਕ 21
- ਪਾਠਕ ਦੇ ਨਜ਼ਰੀਏ ਤੋਂ 22
- ਚਮਨ ਦੇ ਆਲਸੀ ਮਾਲੀ, ਅਗਰ ਨਿਗਰਾਨੀਆਂ ਕਰਦੇ 25
- ਪੈਰਾਂ ’ਚ ਤਾਲ ਭਰਕੇ, ਸਰਗਮ ਉਡੀਕਦਾ ਹੈ 26
- ਮੁਹੱਬਤ ਦੀ ਕਹਾਣੀ ਨੇ, ਕਿਨਾਰਾ ਕਰ ਲਿਆ ਸਾਥੋਂ 27
- ਛੱਤ ਵਿਹੂਣੇ ਘਰ ਦੇ ਉੱਪਰ ਫੇਰ ਘਟਾਵਾਂ ਘਣੀਆਂ ਨੇ 28
- ਫਿਜ਼ਾ ਵਿਚ ਜ਼ਲਜਲੇ ਏਨੇਂ, ਕਰੇ ਤਾਂ ਕੀ ਕਰੇ ਕੋਈ 29
- ਸੋਚਿਆ ਨਾ ਓਸ ਪਹਿਲਾਂ, ਜ਼ੁਲਮ ਏਨਾਂ ਕਰਦਿਆਂ 30
- ਚਿਰ ਵਿਛੁੰਨੇ ਸੱਜਣਾਂ ਨੂੰ ਉਹ ਵਿਸਾਰੇ ਕਿਸ ਤਰਾਂ 31
- ਜ਼ਿੰਦਗੀ ਦਾ ਭਰ ਕਲ਼ਾਵਾ, ਮੌਤ ਹੈ ਮੁਸਕਾ ਰਹੀ 32
- ਹਰਫ਼ ਕੁਛ ਮੋਤੀਆਂ ਵਰਗੇ, ਇਹ ਝੋਲੀ ਪਾਉਣ ਰਾਗਣੀਆਂ 33
- ਜੰਗਲ ‘ਚ ਵਾਸ ਕਰਦੇ, ਕੁਛ ਅਜ਼ਨਬੀ ਪਰਿੰਦੇ 34
- ਚੁਪ ਚੁਪੀਤੇ ਧਰਤ ਜਿਹੜੀ ਰੋਜ਼ ਸੜਦੀ ਜਾ ਰਹੀ 35
- ਜਿੰਨੇ ਸਵਾਸ ਬਾਕੀ, ਉਸ ਦੀ ਹੀ ਆਸ ਬਾਕੀ 36
- ਦਿਲ ਵਿਚ  ਸਦਾ ਹੀ ਰਹਿਣਾ, ਏਹੋ ਮਲਾਲ ਸਾਡੇ 37
- ਇੰਝ ਸਫਿਆਂ  ਕੋਰਿਆਂ ਤੇ, ਛਾ  ਗਏ ਖਾਮੋਸ਼ ਨਗਮੇ 38
- ਗਲ਼ ਨੂੰ ਲਗਾ ਕੇ ਗਲੀਆਂ, ਦਰ ਨੂੰ ਸਲਾਮ ਕੀਤਾ 39
- ਹੱਥੀਂ ਕਟਾਰ ਉਸ ਦੇ, ਹੋਠਾਂ ਤੇ ਮੁਸਕੜੀ ਹੈ 40
- ਲੱਗੀ ਹਮੇਸ਼ ਰਹਿੰਦੀ ਜਗ ਤੇ ਚਲੋ ਚਲੀ ਏ 41
- ਆਗਾਜ਼ ਤੋਂ ਹਸ਼ਰ ਤੱਕ, ਕਰਕੇ ਖੁਆਰ ਮੈਨੂੰ 42
- ਪੀੜਾਂ ਦੀ ਕੈਦ ‘ਚੋਂ ਨਾ, ਇਸ ਨੇ ਅਜ਼ਾਦ ਹੋਣਾ 43
- ਤੁਪਕੇ ਦੀ ਅਉਧ ਜਿੰਨੀ, ਉਲਫ਼ਤ ਰਚਾ ਕੇ ਮੁੜਿਆ 44
- ਨ੍ਹੇਰੇ ਦੀ ਸੁੰਨ੍ਹ ਅੰਦਰ ਕੁਛ ਹੇਰ ਫੇਰ ਹੈ 45
- ਹੋ ਸਕੇ ਤਾਂ ਆਉਣ ਦੀ ਕੋਸ਼ਿਸ਼ ਕਰੀਂ 46
- ਤੋੜੇ ਕਰਾਰ ਜਿਸ ਨੇ ਉਹ ਬੇ-ਕਰਾਰ ਹੋਵੇ 47

- ਖ਼ੁਸ਼ਬੂ ਵਸੀ ਹੈ ਜਿਸ ਦੀ, ਸਾਜ਼ੋ ਸਮਾਨ ਅੰਦਰ 48
- ਚੜ੍ਹਿਆ ਹੈ ਦਿਨ ਮੁਬਾਰਕ, ਸਾਡੀ ਤਾਂ ਈਦ ਹੋਈ 49
- ਸਿਵਾ ਰੀਝਾਂ ਦਾ ਬਲ਼ਦਾ ਹੈ, ਕਿਸੇ ਦੀ ਯਾਦ ਆਉਂਦੀ ਹੈ 50
- ਬੋਟਾਂ ਨੂੰ ਪੰਛੀਆਂ ਨੇ ਖ਼ੁਦ ਕਰ ਉਡਾਰ ਲੈਣਾ 51
- ਬਿਖੜੇ ਸਫ਼ਰ ਚੋਂ ਅਪਣੀ, ਮੰਜ਼ਿਲ ਤਲਾਸ਼ ਲਈਏ 52
- ਇਸ਼ਕ ਦੀ ਦੀਵਾਨਗੀ ਹੈਰਾਨਕੁਨ 53
- ਰੱਖ ਕੇ ਕੁਛ ਫਾਸਲੇ, ਤੁਰਦੀ ਰਹੇ ਇਹ ਜ਼ਿੰਦਗੀ 54
- ਜਦ ਵੀ ਰਫੀਕ ਅਪਣੇ ਮੱਕਾਰ ਮਿਲਣਗੇ 55
- ਵਿਹੜੇ ਜਦੋਂ ਅਸਾਡੇ, ਸੂਰਜ ਨੇ ਝਾਤ ਪਾਈ 56
- ਕੀ ਹੋਇਆ ਜੇ ਹੁਣ ਥੋੜੇ ਮਜ਼ਬੂਰ ਅਸੀਂ 57
- ਘਟਾਵਾਂ ਦੀ ਸਿਆਸਤ ਹੈ, ਕਿ ਬੇਬਸ ਮੋਰ ਨੱਚੇ ਨੇ 58
- ਬਿਗਾਨੇ ਦੇਸ਼ ਵਿਚ ਕਰਕੇ ਤਬਾਹੀ, ਪਰਤ ਆਏ ਨੇ 59
- ਏਨੀ ਕੁ ਨਾਲ ਸਾਡੇ, ਕਰਦਾ ਰਹੀਂ ਤੂੰ ਯਾਰਾ 60
- ਅਸਲੋਂ ਉਜਾੜਿਆ ਹੈ, ਖੁਦਗਰਜ਼ੀਆਂ ਨੇ ਸਾਨੂੰ 61
- ਖ਼ੈਰ-ਖ਼ਾਹਾਂ ਵਿਚ ਲੁਕੇ ਗੱਦਾਰ ਪਰਖੇ ਜਾਣਗੇ 62
- ਜੇ ਨਹੀ ਹੁੰਦਾ ਤਾਂ ਬਸ, ਅਪਣੇ ਹੀ ਘਰ ਦਾ ਥਹੁ-ਪਤਾ 63
- ਅਥਾਹ ਲੰਮਾ ਸਫ਼ਰ ਤੇਰਾ, ਨਹੀ ਮੁੱਕਣਾ ਸ਼ੁਰੂ ਕਰਕੇ 64
- ਮੇਰੇ 'ਚੋਂ ਉਠ ਕੇ ਸਹਿਰਾ, ਮੇਰੇ ਚ ਭਰ ਗਿਆ ਹੈ 65
- ਅਥਾਹ ਲੰਮਾ ਸਫ਼ਰ ਤੇਰਾ, ਨਹੀ ਮੁੱਕਣਾ ਸ਼ੁਰੂ ਕਰਕੇ 60
- ਮੇਰੇ 'ਚੋਂ ਉਠ ਕੇ ਸਹਿਰਾ, ਮੇਰੇ ਚ ਭਰ ਗਿਆ ਹੈ 61
- ਜ਼ਿੰਦਗੀ 'ਚੋਂ ਸੁਲਗਦੇ ਜਜ਼ਬਾਤ ਮਨਫੀ ਕਰ ਦਿਓ 66
- ਤਸੀਹੇ ਜਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕ 67
- ਟੁੱਟਿਆ ਹੈ ਇੱਕ ਤਾਰਾ, ਜ਼ਿੰਦਗੀ ਸਹਿਮੀ ਪਈ ਹੈ 68
- ਮੇਰੇ ਆਤਮ ਦਾ ਦੇਹੀ ਨਾਲ ਇਹ ਸੰਗਮ ਅਕਾਰਥ ਹੈ 69
- ਮੇਰਾ ਅੰਬਰ ਅਧੂਰਾ ਹੈ, ਮੇਰੀ ਸੀਮਤ ਉਡਾਰੀ ਹੈ। 70
- ਰੂਹਾਂ ਦਾ ਮੇਲ਼ ਹੋਣੈ, ਰੁਤਬੇ ਮਿਟਾ ਕੇ ਆਵੀਂ 71
- ਨ੍ਹੇਰੇ ਦੀ ਹੱਦ ਅੰਦਰ, ਰਹਿੰਦੇ ਚਿਰਾਗ ਰੁਲ਼ਦੇ 72
- ਝੂਠ ਨੂੰ ਫੜ ਕੇ ਤਖ਼ਤ ਬਿਠਾਇਆ, ਖੁਲ੍ਹਮ ਖੁਲ੍ਹਾ 73
- ਬੇਦਾਰ ਹੋ ਕੇ ਵਰ੍ਹਿਆ, ਬੱਦਲ਼ ਨੇ ਚੁੱਪ ਤੋੜੀ 74





- ਜੀਅ ਦਾ ਹੈ ਜੰਜਾਲ ਮੁਹੱਬਤ 75
- ਕਿਤੇ ਉਹ ਸੋਚ ਲੈਂਦਾ ਜੇ, ਨਫ਼ੇ ਨੁਕਸਾਨ ਤੋਂ ਅੱਗੇ 76
- ਤਿਨ ਪਹਿਰ ਰਾਤ ਮੇਰੀ, ਯਾਦਾਂ ਚ ਲੰਘਦੀ ਹੈ 77
- ਤੁਸੀਂ ਡੋਲੀ ਸਜਾਉਣੀ ਹੈ, ਅਸੀਂ ਅਰਥੀ ਸਜਾਉਣੀ ਹੈ 78
- ਸੁਪਨੇ 'ਚ ਰਾਤ ਜਿਹੜਾ ਮੈਂ ਫੁੱਲ ਸੀ ਖਿੜਾਇਆ 79
- ਮੇਰਾ ਸੂਰਜ ਨਾ ਚੜ੍ਹਦਾ ਹੈ ਮੇਰਾ ਸੂਰਜ ਨਾ ਲਹਿੰਦਾ ਹੈ 80
- ਹਨੇਰਾ ਰਹਿਣ ਨਾ ਦੇਣਾ ਮੈਂ ਸ਼ਹਿਰਾਂ ਕਸਬਿਆਂ ਅੰਦਰ 81
- ਮੰਗੇ ਉਹ ਜਾਨ ਮੇਰੀ, ਬਣਕੇ ਨਦਾਨ ਮੰਗੇ 82
- ਮੁਹੱਬਤ ਜੇ ਕਰੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ 83
- ਸੁਨੱਖੇ ਚਿਹਰਿਆਂ ਦੀ ਗੱਲ ਚੱਲੀ 84
- ਦੋ ਘੁਟ ਚਾਨਣ ਦੇ ਪੀ ਕੇ, ਰਾਤ ਸ਼ਰਾਬੀ ਹੋ ਜਾਂਦੀ 85
- ਉਹ ਚੜ੍ਹ ਕੇ ਲਹਿ ਗਿਆ ਛੇਤੀ, ਅਸੀਂ ਡੁੱਬਣ ਦੀ ਠਾਣੀ ਸੀ 86
- ਬਿਗਾਨੇ ਦੀਵਿਆਂ ਉੱਤੇ, ਨਾ ਬਹੁਤੀ ਆਸ ਲਾਇਆ ਕਰ 87
- ਵਿਹਾ ਕੇ ਜ਼ਾਤ ਸ਼ਬਦਾਂ ਦੀ, ਉਹ ਜ਼ਾਤ-ਕੁਜ਼ਾਤ ਹੋ ਤੁਰਿਆ 88
- ਕੀ ਗਿਲਾ ਕਾਹਦਾ ਗਿਲਾ, ਦੱਸੇ ਬਿਨਾ ਉਹ ਮੁੜ ਗਿਆ 89
- ਬੇਸਬਰ ਬਿਹਬਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾਂ 90
- ਕਦੇ ਆਜ਼ਮਾ ਲੈ ਕਿ ਪੱਥਰ ਨਹੀ ਹਾਂ ਮੈਂ 91
- ਇਸ਼ਕ ਤਾਂ ਕਰਨਾ ਨਹੀ ਸੀ, ਬੇਬਸੀ ਹੈ ਬੇਬਸੀ 92
- ਸੁਪਨੇ ਸਜਾਉਣ ਦੀ ਇਹ, ਸਾਨੂੰ ਸਜ਼ਾ ਮਿਲੀ ਹੈ 93
- ਵੇਦਨਾ ਦਿਲ ਦੀ ਛੁਪਾਉਂਣਾ ਜਾਣਦੇ ਹਾਂ 94
- ਸਮੁੰਦਰ ਇਸ਼ਕ ਦੇ ਵਿਚ ਭਟਕਦੀ ਲਾਚਾਰ ਫਿਰਦੀ ਹੈ 95
- ਹੋ ਬੇ-ਕਰਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ 96
- ਓਧਰ ਨਾਗਾਂ ਦੇ ਪੁੱਤਰ, ਫਿਰਦੇ ਅੱਜ ਤਿਹਾਏ ਨੇ 97
- ਅਨੇਕਾਂ ਵਾਰ ਸੂਰਜ ਨੇ ਹਨੇਰੇ ਤੇ ਗ਼ਜ਼ਲ ਆਖੀ 98
- ਅੜਚਨਾਂ, ਪਾਬੰਦੀਆਂ, ਹਰ ਜ਼ਾਬਤਾ ਪਰਵਾਨ ਕਿਉਂ 99
- ਮੇਰੀ ਟਾਹ੍ਣੀ 'ਤੇ ਮੈਨੂੰ ਤਾਂ ਉਹ ਲਗਦੀ ਗੀਤ ਗਾਉਂਦੀ ਸੀ 100
- ਉਦਾਸੇ ਤੇ ਨਿਰਾਸੇ ਹੋਰ ਕਿੰਨਾਂ ਰਹਿਣਗੇ ਲੋਕੀ 101
- ਮਗ਼ਰਬ ਨੇ ਜਿਸ ਤਰ੍ਹਾਂ ਹੈ, ਮਸ਼ਰਕ ਦੀ ਆਸ ਲਾਈ 102
- ਸਾਜ਼ਾਂ ਨੂੰ ਬਖਸ਼ ਤਰਬਾਂ, ਗੀਤਾਂ 'ਚ ਤਾਨ ਭਰ ਦੇ 103

- ਕਬਰਾਂ ‘ਚੋਂ ਜ਼ਿੰਦਗੀ ਦਾ, ਆਗਾਜ਼ ਭਾਲ਼ਦਾ ਹਾਂ 104
- ਘੜੀ ਮੁੜੀ ਜ਼ਿੰਦਗੀ ਇੱਕ ਬਾਤ ਪਾਉਂਦੀ ਹੈ 105
- ਦਿਲ ਦੀ ਜ਼ਮੀਨ ਉੱਤੇ, ਇਹ ਕੌਣ ਉੱਗਿਆ ਹੈ 106
- ਇਹ ਲੱਭੀ ਹੈ ਕਲੀ ਕੋਈ, ਜਾਂ ਫਿਰ ਸ਼ਮਸ਼ੀਰ ਲੱਭੀ ਹੈ 107
- ਜੇ ਮੇਰਾ ਹੇਜ ਨਈਂ ਹੋਣਾ ਤਾਂ ਮੇਰਾ ਹੇਰਵਾ ਹੋ ਜਾਹ 108
- ਤੂੰ ਨਹੀ ਮਿਲਦਾ ਤਾਂ ਮੈਂ, ਤੇਰਾ ਤਸੱਵਰ ਕਰ ਲਵਾਂ 109
- ਹਉਕੇ ਜਿੰਨੀ ਉਮਰ ਲਿਖਾਈ, ਇਸ਼ਕ ਨਿਕੰਮੇ ਨੇ 110
- ਖਾਮੋਸ਼ ਹੈ ਸਵੇਰਾ, ਗੁੰਗੀ ਹੈ ਸ਼ਾਮ ਹੋਈ 111
- ਫੁੱਲਾਂ ਦੇ ਸੀ ਸਜਾ ਕੇ, ਸੁਪਨੇ ਹਜ਼ਾਰ ਬੈਠਾ 112
- ਚਿੜੀ ਅੰਬਰ ‘ਚ ਕਦ ਮੋਈ, ਕਿਸੇ ਨੂੰ ਇਲਮ ਨਾ ਕੋਈ 113
- ਕਦੀ ਸਾਵਣ ਨੇ ਠੁਕਰਾਏ, ਕਦੀ ਔੜਾਂ ਨੇ ਮਾਰੇ ਹਾਂ 114
- ਪਰਿੰਦੇ ਆ ਗਏ ਪੁੱਛਣ, ਘਣੇ ਜੰਗਲ਼ ਦੇ ਰਹਿਬਰ ਤੋਂ 115
- ਪੱਤੇ ਉਹਦੇ ਉਤਾਰ ਕੇ, ਉਸ ਨੂੰ ਨਗਨ ਕਰੇ 115
- ਜ਼ਰਾ ਮੈਂ ਚੁਗ ਲਵਾਂ ਕੰਡੇ, ਇਨ੍ਹਾਂ ਕਿੱਕਰਾਂ ਤੇ ਥੋਹ੍ਰਾਂ ਦੇ 117
- ਨਜ਼ਰਾਂ ਨੇ ਸਾਂਝ ਪਾਈ, ਦੂਰੋਂ ਸਲਾਮ ਹੋਏ 118
- ਜਿਨ੍ਹਾਂ ਖਾਤਰ ਅਸੀਂ ਝੋਲੀ ਪੁਆਏ ਦਹਿਕਦੇ ਸ਼ੁਹਲੇ 119
- ਸੁਭਾਅ ਉਸ ਦਾ ਵੀ ਲਗਦਾ ਹੈ, ਮੇਰੀ ਆਵਾਰਗੀ ਵਰਗਾ 120
- ਓਦਾਂ ਨਾ ਹੁਸਨ ਆਉਂਦਾ, ਭੁੱਲ ਕੇ ਵੀ ਇਸ਼ਕ ਨੇੜੇ 121
- ਉਚਾਣਾਂ ਤੋਂ ਨਿਵਾਣਾਂ ਦਾ ਸਫ਼ਰ ਜਦ ਵੀ ਸ਼ੁਰੂ ਹੋਣਾ 122
- ਆਲ੍ਹਣੇ ਚੋਂ ਬੋਟ ਗਿਰਿਆ, ਇਕ ਦੁਆ ਦਰਕਾਰ ਹੈ 123
- ਦੁਬਾਰਾ ਦਿਲ ਨਹੀ ਜੁੜਿਆ, ਦੁਆਵਾਂ ਬੇ-ਅਸਰ ਗਈਆਂ 124
- ਦੱਸ ਕਿੱਥੇ ਛਹਿਬਰ ਲਾਈ, ਨੁਚੜੀ ਬੱਦਲ਼ੀਏ 125
- ਕਿਸ ਦੇ ਮਜ਼ਾਰ ਉੱਤੇ, ਦੀਵਾ ਜਗਾਉਣ ਆਈ 126
- ਕਦੇ ਸਾਡੇ ਬਨੇਰੇ ਬੋਲ ਕਾਗਾ ਕਾਰਿਆ 127
- ਅਨੁਭਵ ਦੇ ਗੀਤ ਅਲਾਪ ਲਵਾਂ, ਫਿਰ ਜਾਣਾ ਹੈ 128
- ਬਥੇਰਾ ਬਣ ਲਿਆ ਧਰਤੀ, ਚਲੋ ਅਸਮਾਨ ਬਣ ਜਾਈਏ 129
- ਸ਼ਬਦ ਗੁੰਝਲ ਪਾ ਗਏ, ਕਵਿਤਾ ਅਧੂਰੀ ਰਹਿ ਗਈ 130
- ਤਿੱਖੀ ਤਰਾਟ ਸਹਿੰਦਾ, ਇਕ ਸ਼ਿਅਰ ਹੂੰਗਿਆ ਸੀ 131
- ਅੰਤਰ ਮਨ ਚੋਂ ਮੌਲ਼ਦੀਆਂ ਨੇ, ਅੰਤਰ-ਬੋਧੀ ਕਵਿਤਾਵਾਂ 132





- ਮਰਕਜ਼ੋਂ ਥਿੜਕੀ ਨਜ਼ਰ, ਨਾ ਆਰ ਦੀ, ਨਾ ਪਾਰ ਦੀ 133
- ਓਸ ਘਰ ਚੋਂ ਮੇਰੀਆਂ ਹੁਣ ਸੁਣਦੀਆਂ ਸਿਫ਼ਤਾਂ ਨਹੀ 134
- ਕਾਲਾ ਕਾਲਾ ਕੋਇਆ ਲਗਦੈ 135
- ਅੰਬਰ ਉਦਾਸ ਹੋਇਆ, ਜਲ ਥਲ ਉਦਾਸ ਹੈ 136
- ਅਰਸ਼ਾਂ ‘ਚ ਉੱਡਣਾ ਹੁਣ, ਉਸ ਨੂੰ ਹਰਾਮ ਲਗਦੈ 137
- ਜੇ ਕਿਸਮਤ ਮਿਹਰਬਾਂ ਹੁੰਦੀ, ਤਾਂ ਛੋਟੀ ਰਾਤ ਹੋ ਜਾਂਦੀ 138
- ਜਾਂਦੀ ਬਹਾਰ ਨੂੰ ਜੋ, ਅੱਗੋਂ ਸੀ ਹੋੜ ਲੈਂਦਾ 139
- ਧੁਰ ਦਰਗਾਹੋਂ ਮਾਰ ਪਵੇਗੀ ਦੇਖੀਂ ਏਸ ਕੁਚੱਜੇ ਨੂੰ 140
- ਜੇਕਰ ਨਗ਼ਮੇਂ ਰਹਿਣ ਅਛੂਤੇ, ਫੋਕੇ ਸ਼ੋਰ ਸ਼ਰਾਬੇ ਤੋਂ 141
- ਤੁਸੀਂ ਤਾਂ ਸੋਚਦੇ ਹੋ ਬਸ, ਉਗਾਉਣਾ ਅੰਨ ਹੈ ਉਸ ਨੇ 142
- ਉਸ ਦਾ ਚਿਹਰਾ ਤਾਂ ਮੈਨੂੰ ਹਰ ਵੇਲੇ ਹੀ ਯਾਦ ਰਿਹਾ 143
- ਥੋੜੇ ਦਮਾਂ ਦੀ ਜਿੰਦਗੀ, ਹੁਣ ਤਾਂ ਸਹਾਰਾ ਟੋਲ੍ਹ ਦੇ 144
- ਲੱਜ ਗੁਆ ਕੇ ਅੱਖੀਆਂ ਲਾਈਆਂ ਸਾਂਵਰਿਆ 145
- ਓਸ ਤੋਂ ਜਿੰਨੀ ਹੋ ਸਕਦੀ, ਉਹ ਫਿਜ਼ਾ ਰੌਸ਼ਨ ਕਰੇ 146
- ਉਦਾਸੇ ਅੱਖਰਾਂ ਨੂੰ ਵੀ, ਗ਼ਜ਼ਲ ਦੀ ਜੂਨ ਪਾ ਦਿੰਦਾ 147
- ਗੀਝਾਂ ਦੇ ਬਹਿਕਾਵੇ ‘ਤੇ, ਪਾਰ ਦੁਮੇਲਾਂ ਕਰ ਆਏ 148
- ਸੋਚ ਕੇ ਜੋ ਕੁਛ ਵੀ ਉਸ ਦੇ, ਘਰ ਗਿਆ, ਮਨ ਬਾਵਰਾ 149
- ਕਿਸੇ ਥਾਂ ਅਸਤ ਹੋ ਕੇ ਫਿਰ, ਕਿਸੇ ਥਾਂ ਜਾ ਉਦੈ ਹੋਇਆ 150

# ਭੂਮਿਕਾ

## ਪੰਜਾਬੀ ਗ਼ਜ਼ਲ ਦਾ ਹਾਸਿਲ ਗ਼ਜ਼ਲ ਸੰਗ੍ਰਿਹ 'ਰਾਗਣੀਆਂ'

ਰਾਜਵੰਤ ਰਾਜ ਨੇ ਥੋੜ੍ਹੇ ਸਮੇਂ ਵਿੱਚ ਹੀ ਪੰਜਾਬੀ ਗ਼ਜ਼ਲ ਵਿੱਚ ਆਪਣਾ ਜ਼ਿਕਰ-ਯੋਗ ਸਥਾਨ ਬਣਾ ਲਿਆ ਹੈ। ਆਪਣੇ ਪੂਰਵ ਸ਼ਾਨਦਾਰ ਗ਼ਜ਼ਲ ਸੰਗ੍ਰਿਹ ਰੰਗਸ਼ਾਲਾ ਰਾਹੀਂ ਉਸ ਨੇ ਗ਼ਜ਼ਲ ਦੇ ਮੈਦਾਨ ਵਿੱਚ ਆਪਣੀ ਸੰਘਣੀ ਅਤੇ ਮਾਣਯੋਗ ਸਥਿਤੀ ਰਾਖ਼ਵੀਂ ਕਰ ਲਈ ਸੀ। ਉਸ ਦੀ ਤਬੀਅਤ ਵਿੱਚ ਗ਼ਜ਼ਲ ਰੂਪਕਾਰ ਅਪਣੱਤ ਜਗਾਉਂਦਾ ਹੋਇਆ ਸ਼ਿਅਰਕਾਰੀ ਦਾ ਸਿਧਾਂਤਕ ਪਹਿਲੂ ਅਖ਼ਤਿਆਰ ਕਰ ਚੁੱਕਾ ਹੈ। ਨਵੇਂ ਗ਼ਜ਼ਲਕਾਰਾਂ ਵਿੱਚੋਂ ਰਾਜ ਸੰਵੇਦਨਸ਼ੀਲ ਅਤੇ ਨਵੇਂ ਭਾਵ-ਬੋਧ ਦਾ ਅਤਿ ਸਫ਼ਲ ਸ਼ਾਇਰ ਹੋ ਨਿੱਬੜਿਆ ਹੈ। ਕਿਸੇ ਗ਼ਜ਼ਲਕਾਰ ਦੀ ਸਾਧਨਾ ਤਾਂ ਹੀ ਥਾਂਏ ਪੈਂਦੀ ਹੈ ਜੇਕਰ ਉਸ ਦੀ ਸੁਰ ਲਹਿਰੀ ਵਿੱਚ ਛੰਦ ਅਤੇ ਬਹਿਰ ਸਮਾ ਜਾਵੇ। ਉਸ ਦਾ ਇੱਕ ਇੱਕ ਸ਼ਿਅਰ ਪਾਠਕਾਂ ਨਾਲ ਆਤਮ -ਦ੍ਰਿਸ਼ਟੀ ਦਾ ਪ੍ਰਕਾਰਜੀ ਹੈ। ਵਿਸ਼ਾਲ ਅਤੇ ਸੰਸਾਰ-ਮੁਖੀ ਦ੍ਰਿਸ਼ਟੀਕੋਣ ਰਾਜ ਦੀ ਸ਼ਾਇਰੀ ਵਾਸਤੇ ਸੋਨੇ 'ਤੇ ਸੁਹਾਗਾ ਹੈ। ਰਾਜ ਦੀ ਗ਼ਜ਼ਲਕਾਰੀ ਵਿੱਚ ਜਿੱਥੇ ਕਲਪਨਾ ਉਡਾਰੀ ਅਤੇ ਤਸੱਵਰ ਦਾ ਸਮਾਵੇਸ਼ ਸਲਾਹੁਣਯੋਗ ਹੈ, ਉਥੇ ਹੀ ਜ਼ਮੀਨੀ ਹਕੀਕਤਾਂ ਦੀ ਸੁੰਦਰ ਬੁਨਿਆਦ ਆਰਜ਼ੂਮੰਦੀ ਹੈ। ਉਸ ਨੂੰ ਪਤਾ ਹੈ ਕਿ ਪੈਰਾਂ ਦੀ ਸਾਰਥਿਕਤਾ ਤੋਂ ਬਿਨਾ ਖੰਭ ਨਿਰਾਰਥਿਕਤਾ ਵਿੱਚ ਗਰਕ ਜਾਂਦੇ ਹਨ। ਕੋਈ ਪੰਛੀ ਭਾਵੇਂ ਪੈਰਾਂ ਨਾਲ ਨਹੀ, ਖੰਭਾਂ ਨਾਲ ਹੀ ਉੱਡਦਾ ਹੈ, ਪਰ ਪਰਵਾਜ਼ ਪੈਰਾਂ ਤੋਂ ਬਿਨਾ ਵੀ ਨਹੀ ਭਰੀ ਜਾ ਸਕਦੀ। ਉਸ ਦੀ ਸ਼ਾਇਰੀ ਵਿੱਚ ਕਮਾਲ ਦਾ ਮੰਜ਼ਰਕਸ਼ੀ ਅਤੇ ਜ਼ਿੰਦਗੀ ਦੀ ਸਰੋਕਾਰਤਾ ਦਾ ਸੁਮੇਲ ਹੈ। 'ਰਾਗਣੀਆਂ' ਗ਼ਜ਼ਲ ਪੁਸਤਕ ਦੇ ਸ਼ਿਅਰ ਆਮ ਅਤੇ ਖਾਸ ਦੋਂਹ ਤਰਾਂ ਦੇ ਪਾਠਕਾਂ ਵਾਸਤੇ ਚਿੰਤਨ ਅਤੇ ਚੇਤੇ ਦਾ ਪੱਖ ਪੇਸ਼ ਕਰਦੇ ਹਨ। ਸ਼ਾਇਰੀ ਉਹੀ ਵਧੀਆ ਗਿਣੀ ਜਾਂਦੀ ਹੈ ਜੋ ਜ਼ਿੰਦਗੀ ਨਾਲ ਸਬੰਧ ਬਣਾਈ ਰੱਖੇ। ਉਸ ਨੇ ਆਪਣੇ ਪਹਿਲੇ ਗ਼ਜ਼ਲ ਸੰਗ੍ਰਿਹ ਵਿੱਚ ਹੀ ਉਰਦੂ ਦੇ ਮੁੱਠੀ ਭਰ ਚਿੰਨ੍ਹ ਪ੍ਰਤੀਕ ਅਤੇ ਫੰਟੂਸ ਪੇਸ਼ਕਾਰੀ ਨੂੰ ਤਿਲਾਂਜਲੀ ਦੇ ਕੇ ਪੰਜਾਬੀ ਕਵਿਤਾ ਦੇ ਰਸਾਂ ਅਨੁਭਵਾਂ ਅਤੇ ਕਾਵਿ ਸਾਰਥਿਕਤਾ ਨੂੰ ਆਪਣੀ ਸਿਰਜਣਾਤਮਿਕਤਾ ਦਾ ਅਧਾਰ ਬਣਾ ਲਿਆ ਸੀ। ਹੱਥਲੀ ਪੁਸਤਕ ਦੀ ਪ੍ਰਕਾਸ਼ਨਾ ਨਾਲ ਰਾਜ ਉਨ੍ਹਾਂ ਸ਼ਾਇਰਾਂ ਦੀ ਕਤਾਰ 'ਚੋਂ ਮੂਹਰੇ ਆ ਗਿਆ ਹੈ ਜਿਨ੍ਹਾਂ ਦੀ ਗ਼ਜ਼ਲ ਵਿੱਚ ਵੱਖਰਾ, ਮੌਲਿਕ ਅਤੇ ਸਸ਼ਕਤ ਹਸਤਾਖ਼ਰਾਂ ਦਾ ਮੁਹਾਵਰਾ ਹੈ। ਉਸਦੇ ਸ਼ਿਅਰਾਂ ਦੇ ਮੌਲਿਕ ਚਿੰਨ੍ਹ ਉਸ ਦੀ ਨਵ-ਪ੍ਰਤਿਭਾ ਦਾ ਅਹਿਸਾਸ ਕਰਵਾਉਂਦੇ ਹਨ। ਰਾਜ ਅਤੇ ਇਸ ਦੇ ਹਾਣੀ ਸ਼ਿਅਰਕਾਰ ਪੰਜਾਬੀ ਗ਼ਜ਼ਲ ਦਾ ਤਾਜ਼ਾ ਲਹੂ ਹਨ, ਜਿਹੜੇ ਕਿ ਇਸ ਨੂੰ ਨਰੋਇਆਪਨ ਬਖ਼ਸ਼ ਕੇ ਨਵੀਨ ਚੇਤਨਾ ਦਾ ਆਵ੍ਹਾਨ ਕਰਾਉਂਦੇ ਹਨ। ਇਹੀ ਸ਼ਾਇਰ ਹਨ ਜੋ ਖਲੋਤੇ ਪਾਣੀਆਂ ਵਿੱਚ ਨਵੀਆਂ ਲਹਿਰਾਂ ਪੈਦਾ

ਕਰਦੇ ਹਨ। ਇਹਨਾਂ ਦੀ ਇੱਕ ਕਲਮੀ ਕੰਕਰ ਹੀ ਪਾਣੀ ਵਿੱਚ ਕਿਨਾਰਿਆਂ ਤੱਕ ਹਲਚਲ ਪੈਦਾ ਕਰਦੀ ਹੈ। ਰਾਜਵੰਤ ਰਾਜ ਨਵੀਂ ਦ੍ਰਿਸ਼ਟੀ, ਨਵਾਂ ਅਨੁਭਵ, ਨਵਾਂ ਅੰਦਾਜ਼ ਅਤੇ ਸ਼ਬਦ ਦੀ ਨਵੀਂ ਸਿਰਜਣ ਸਮਰੱਥਾ ਲੈ ਕੇ ਹਥਲੀਆਂ ਗ਼ਜ਼ਲਾਂ ਵਿੱਚ ਹਾਜ਼ਰ ਹੈ। ਗ਼ਜ਼ਲ ਵਿੱਚ ਉਹਨਾਂ ਸ਼ਾਇਰਾਂ ਨੇ ਨਾਮਣਾ ਖੱਟਿਆ ਜਿਨ੍ਹਾਂ ਨੇ ਪੁਰਾਣੀ ਤੇ ਪ੍ਰੰਪਰਾਵਾਦੀ ਡੰਡੀ ਨਾਲੋਂ ਅਲੱਗ ਰਾਸਤਾ ਕਾਇਮ ਕੀਤਾ। ਉਹ ਰਾਸਤਾ ਜਿਹੜਾ ਲੱਖਨਵੀ ਤੇ ਦਿੱਲਵੀ ਅਯਾਸ਼ ਹਵੇਲੀਆਂ ਵੱਲੋਂ ਹਟ ਕੇ ਪੰਜ਼ਾਬ ਦੇ ਖੇਤਾਂ ਖਲਿਹਾਨਾਂ ਅਤੇ ਪਿੰਡਾਂ ਤੋਂ ਲੈ ਕੇ ਸ਼ਹਿਰੀ ਅਤੇ ਪਰਵਾਸੀ ਧਰੋਹਰ ਦਾ ਧਾਰਨੀ ਹੈ। ਪੰਜਾਬੀ ਗ਼ਜ਼ਲ ਨੂੰ ਪੰਜਾਬਣਾ ਦੇ ਅੰਦਾਜ਼ ਵਿੱਚ ਪੇਸ਼ ਕਰਨਾ 'ਰਾਜ' ਜਿਹੇ ਸ਼ਾਇਰਾਂ ਦੇ ਹੀ ਹਿੱਸੇ ਆਇਆ ਹੈ।

ਗ਼ਜ਼ਲ ਪ੍ਰੰਪਰਾ ਦੀ ਸਾਹਿਤਕ ਪ੍ਰੰਪਰਾ ਨਾਲ ਸਮਰੱਥਾਵਾਨ ਡੋਰ ਤਾਂ ਹੀ ਬਣੀ ਰਹਿ ਸਕਦੀ ਹੈ ਜੇਕਰ ਸਾਡੇ ਨਵੇਂ ਗ਼ਜ਼ਲਕਾਰ ਨਵੀਆਂ ਪਰਿਭਾਸ਼ਾਵਾਂ ਅਤੇ ਸੰਵੇਦਨਾਵਾਂ ਨੂੰ ਆਪਣੇ ਸ਼ਿਅਰਾਂ ਵਿੱਚ ਦਲੇਰੀ ਨਾਲ ਢਾਲਣ। ਕਦੇ ਗ਼ਜ਼ਲ ਦੇ ਪੁਰਾਣੇ ਉਸਤਾਦ ਗ਼ਜ਼ਲ ਦੇ ਵਿਸ਼ਿਆਂ ਦੀ ਡਿਕਟੇਸ਼ਨ ਲਿਖਵਾਉਂਦੇ ਸਨ। ਉਹ ਰਿੰਦਾਨਾ, ਆਸ਼ਿਕਾਨਾ, ਅਤੇ ਸੂਫੀਆਨਾ ਅੰਦਾਜ਼ ਹੀ ਗ਼ਜ਼ਲ ਵਾਸਤੇ ਨਿਰਧਾਰਿਤ ਕਰਦੇ ਸਨ। ਪਰ ਜਿਵੇਂ ਜਿਵੇਂ ਸਮਾਜਿਕ ਸੰਸਥਾਵਾਂ ਦੇ ਵਰਤਾਰੇ ਟੁੱਟਦੇ ਅਤੇ ਨਵੇਂ ਬਹਾਲ ਹੁੰਦੇ ਗਏ ਤਿਵੇਂ ਤਿਵੇਂ ਇਸ ਦੀ ਪੇਸ਼ਕਾਰੀ ਲਈ ਮੌਲਿਕ ਅੰਦਾਜ਼ ਵੀ ਹਾਜ਼ਰ ਹੋਏ। ਇਹਨਾਂ ਨਵੇਂ ਤੇ ਸੰਵੇਦਨਸ਼ੀਲ ਵਿਸ਼ਿਆਂ ਨੂੰ ਹੀ ਗ਼ਜ਼ਲ ਦੀ ਰੀੜ ਦੀ ਹੱਡੀ ਮੰਨਣਾ ਸਾਡੀ ਨਵੀਨ ਗ਼ਜ਼ਲ ਦਾ ਹਾਸਿਲ ਹੈ। ਮੇਰੀ ਜਾਚੇ ਰਾਜਵੰਤ ਰਾਜ ਦੀ ਗ਼ਜ਼ਲ ਵਿੱਚ ਜਿੱਥੇ ਨਿਜ-ਮੁਖੀ ਸ਼ਾਨਦਾਰ ਪੇਸ਼ਕਾਰੀ ਹੈ, ਉਥੇ ਹੀ ਸੰਸਾਰੀਕਰਨ, ਬਜ਼ਾਰੀਕਰਣ ਅਤੇ ਉਦਾਰੀਕਰਨ ਦੀ ਬੇਥਵੀ ਦੌੜ ਵਿੱਚੋਂ ਪੈਦਾ ਹੋਏ ਉਸ ਮਿੱਟੀ ਘੱਟੇ ਦਾ ਵੀ ਜ਼ਿਕਰ ਹੈ ਜੋ ਆਮ ਲੋਕਾਂ ਦੇ ਚਿਹਰਿਆਂ ਉੱਤੇ ਜੰਮ ਗਿਆ ਹੈ। ਸੰਸਾਰ ਇੱਕ ਪਿੰਡ ਬਣਨ ਜਾ ਰਿਹਾ ਹੈ ਪਰ ਪਿੰਡਾਂ ਦੀ ਰੂਹ ਜ਼ਖਮੀ ਹੋ ਗਈ ਹੈ। ਰਾਜ ਭਾਵੇਂ ਉਕਤ ਭਾਵ ਦੀ ਸਪਾਟ ਬਿਆਨੀ ਨਹੀ ਕਰਦਾ ਪ੍ਰੰਤੂ ਉਹ ਜਨਸਧਾਰਣ ਦੀ ਸੰਚਾਰ-ਚੇਤਨਾ ਤੋਂ ਦੂਰ ਵੀ ਨਹੀ ਜਾਂਦਾ। ਆਉ ਉਸ ਦੇ ਕੁਝ ਸ਼ਿਅਰ ਮਾਣਦੇ ਹਾਂ ਜੋ ਮੇਰੀਆਂ ਧਾਰਨਾਵਾਂ ਉੱਤੇ ਖਰੇ ਉਤਰਦੇ ਹਨ।

ਉਹ ਪੱਥਰ ਇਲਤਿਜ਼ਾ ਸੁਣਦੇ ਨਾ ਉਹਨਾਂ ਸ਼ਿਲਪਕਾਰਾਂ ਦੀ,
ਜਿਨ੍ਹਾਂ ਦੇ ਘੜਨ 'ਤੇ ਹੀ ਮੰਦਰੀਂ ਭਗਵਾਨੀਆਂ ਕਰਦੇ।

***

ਸਮੈਕਾਂ ਫੀਮ ਡੋਡੇ ਭੰਗ ਤੇ ਚੋਰੀ ਡਕੈਤੀ ਵੀ,
ਕਿ ਹੁਣ ਪੰਜਾਬ ਦੇ ਪੁੱਤਰ, ਇਹੀ ਕਿਰਸਾਨੀਆਂ ਕਰਦੇ।

***

ਅੱਲਾ ਤੇ ਰਾਮ ਉਸ ਨੇ ਦੋਨੋ ਨਰਾਜ਼ ਕਰਨੇ,
ਗੰਗਾ ਦੇ ਨਾਲ ਜਿਹੜਾ, ਜ਼ਮਜ਼ਮ ਉਡੀਕਦਾ ਹੈ।

***



ਇਹ ਕਿਨਾਰਾ ਛੱਡਿਆ ਦੂਜੇ ਕਿਨਾਰੇ ਜਾਣ ਨੂੰ,
ਲੰਘ ਚੱਲੀ ਉਮਰ ਸਾਰੀ, ਵਿੱਚ ਵਿਚਾਲੇ ਤਰਦਿਆਂ।

***

ਟੁਟਦਿਆਂ ਹੀ ਤੱਕਿਆ ਜਦ ਵੀ ਉਠਾਈ ਹੈ ਨਜ਼ਰ,
ਰਾਜ ਤੇਰੇ ਸ਼ਹਿਰ ਦੇ ਚੜ੍ਹਦੇ ਸਿਤਾਰੇ ਕਿਸ ਤਰ੍ਹਾਂ।

***

ਦਿਲ ਵਿੱਚ ਤਾਂ ਸਮੁੰਦਰ ਹੈ ਮਾਰਦਾ ਉਛਾਲੇ,
ਪਰ ਬੁੱਲ੍ਹੀਆਂ 'ਤੇ ਮੇਰੇ, ਹਾਲੇ ਵੀ ਪਿਆਸ ਬਾਕੀ।

***

ਮੱਥੇ ਦਾ ਬਾਲ਼ ਦੀਵਾ, ਕਰਨੀ ਹੈ ਰਾਤ ਰੌਸ਼ਨ,
ਕੀ ਹੋ ਗਿਆ ਜੇ ਹੋਏ, ਤਾਰੇ ਹਲਾਲ ਸਾਡੇ।

***

ਅਪਣੇ ਨਸੀਬ ਦੇ ਵਿੱਚ, ਭਟਕਣ ਅਸੀਂ ਲਿਖਾਈ,
ਕਦ ਹੜ੍ਹ ਦੇ ਪਾਣੀਆਂ, ਖੜ੍ਹ ਕੇ ਅਰਾਮ ਕੀਤਾ।

***

ਚੋਰਾਂ ਦੇ ਸ਼ਹਿਰ ਆਉਣਾ, ਸਾਧਾਂ ਨੂੰ ਹੈ ਵਿਵਰਜਿਤ,
ਆਵੀਂ ਨਾ ਰਾਜ ਏਧਰ, ਚਲਦੀ ਫੜੋ-ਫੜੀ ਹੈ।

***

ਉਹ ਤਰਕ ਦੀ ਜਗ੍ਹਾ ਤੇ, ਖੰਜ਼ਰ ਉਠਾ ਲਵੇ,
ਫਿਰ ਆਖਦਾ ਜ਼ਮਾਨਾ, ਉਹ ਤਾਂ ਦਲੇਰ ਹੈ।

***

ਬਿਗਾਨੇ ਦੀਵਿਆਂ ਉੱਤੇ ਨਾ ਬਹੁਤੀ ਆਸ ਲਾਇਆ ਕਰ,
ਤੂੰ ਨ੍ਹੇਰੇ ਆਪਣੇ 'ਚੋਂ ਆਪਣਾ ਸੂਰਜ ਉਗਾਇਆ ਕਰ।

***

ਇਹਨਾਂ ਸ਼ਬਦਾਂ ਦੇ ਅੰਦਰ ਹੀ ਉਹ ਡੂੰਘਾਂ ਲਹਿ ਗਿਆ ਏਦਾਂ,
ਜਿਵੇਂ ਕਾਇਨਾਤ ਦਾ ਕਿਣਕਾ, ਨਿਰੀ ਕਾਇਨਾਤ ਹੋ ਤੁਰਿਆ।

***

ਬੇਲਿਹਾਜ਼ੇ ਸ਼ਹਿਰ ਅੰਦਰ, ਪਾਲ਼ ਬੈਠਾ ਮੈਂ ਲਿਹਾਜ਼,
ਚੁਪ ਚੁਪੀਤੇ ਫੇਰ ਖੰਜ਼ਰ, ਆਣ ਸੀਨੇ ਪੁੜ ਗਿਆ।

***

ਦੇਖ ਸੂਲੀ ਸਜ ਗਈ ਹੈ, ਆਸ਼ਕਾਂ ਦੇ ਸਾਹਮਣੇ,
ਇਸ ਤਰ੍ਹਾਂ ਮਰਨਾ ਨਹੀ ਸੀ, ਬੇਬਸੀ ਹੈ ਬੇਬਸੀ।

***

ਵੇਦਨਾ ਦਿਲ ਦੀ ਛੁਪਾਉਣਾ ਜਾਣਦੇ ਹਾਂ,
ਮੁਸ਼ਕਿਲਾਂ ਵਿਚ ਮੁਸਕੁਰਾਉਣਾ ਜਾਣਦੇ ਹਾਂ।

***

ਮੇਰੇ ਕਲਬੂਤ ‘ਚੋਂ ਮੈਨੂੰ ਚੁਰਾ ਕੇ ਲੈ ਗਿਆ ਜਿਹੜਾ,
ਨਜ਼ਰ ਹੁਣ ਓਸ ਨੂੰ ਲੱਭਦੀ, ਦੁਮੇਲੋਂ ਪਾਰ ਫਿਰਦੀ ਹੈ।

***

ਓਧਰ ਨਾਗਾਂ ਦੇ ਪੁੱਤਰ, ਫਿਰਦੇ ਅੱਜ ਤਿਹਾਏ ਨੇ,
ਏਧਰ ਚਿੜੀਆਂ ਦੇ ਘਰ ਵੀ, ਬਾਜ ਪਰਾਹੁਣੇ ਆਏ ਨੇ।

***

ਉਕਤ ਸ਼ਿਅਰ ਵਿਸ਼ੇਸ਼ ਚੋਣ ਦਾ ਸਿੱਟਾ ਨਹੀ ਸਗੋਂ ਉਸ ਦੇ ਅਨੇਕਾਂ ਸ਼ਿਅਰ ਹੀ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਉਸ ਦੀ ਸ਼ਿਅਰਕਾਰੀ ਵਿੱਚ ਸੁੰਦਰਮ ਦਾ ਗੁਣ ਤਾਂ ਹੈ ਹੀ ਨਾਲ ਹੀ ਸੱਤਿਅਮ ਤੇ ਸ਼ਿਵਮ ਵਾਲੇ ਪਰਮ ਗੁਣ ਵੀ ਨਿਹਤ ਹਨ। ਉਸ ਦਾ ਹਰ ਸ਼ਿਅਰ ਮਨ ਮਸਤਕ ਨੂੰ ਤਰਕ, ਬਿਬੇਕ ਨਾਲ, ਅਤੇ ਦਿਲ ਨੂੰ ਜ਼ਜਬੇ ਨਾਲ, ਉਤੇਜਿਤ ਕਰਦਾ ਹੈ। ਮਾਨਸਿਕ ਖੜੋਤ ਟੁੱਟਦੀ ਹੈ ਅਤੇ ਹਿਰਦਾ ਵਿਸ਼ਾਲ ਹੋਣਾ ਆਰੰਭ ਹੁੰਦਾ ਹੈ। ਰਾਜ ਨੇ ਰੋਮਾਂਸਵਾਦੀ ਅਤੇ ਪ੍ਰਗਤੀਵਾਦੀ ਸਰੰਚਨਾ ਨੂੰ ਸ਼ਿਅਰਕਾਰੀ ਦਾ ਅਧਾਰ ਨਹੀ ਬਣਾਇਆ ਅਤੇ ਨਾ ਹੀ ਨਾਅਰਾ ਸਿਰਜ ਕੇ ਆਮ ਮਾਨਸਿਕਤਾ ਦਾ ਧਿਆਨ ਆਪਣੇ ਵੱਲ ਨੂੰ ਖਿੱਚਣ ਦਾ ਸੌਖ ਵਰਤਿਆ ਹੈ। ਉਸ ਨੇ ਪ੍ਰੇਮਵਾਦ ਵਾਲੇ ਅਨੁਭਵ ਅਤੇ ਪ੍ਰਗਤੀਵਾਦੀ ਪ੍ਰਵਿਰਤੀ ਦੇ ਸਹਿਜ ਮਿਸ਼ਰਣ ਵਿੱਚੋਂ ਹੀ ਗ਼ਜ਼ਲਕਾਰੀ ਦਾ ਮੁਹਾਂਦਰਾ ਸਿਰਜਿਆ ਹੈ। ਇੱਕ ਸ਼ਾਇਰ ਸਾਰੀਆਂ ਹੀ ਕਾਵਿ ਪ੍ਰਵਿਰਤੀਆਂ ਵਾਲੇ ਸ਼ਿਅਰ ਇੱਕੋ ਵੇਲੇ ਨਹੀ ਰਚ ਸਕਦਾ। ਹਰ ਸ਼ਾਇਰ ਦੀ ਇੱਕ ਸੀਮਾ ਅਤੇ ਵਿਚਰਨ ਚਿੰਤਨ ਦੀ ਜੂਹ ਹੁੰਦੀ ਹੈ। ਇਹ ਵੀ ਦਰੁਸਤ ਹੈ ਕਿ ਰਾਜਵੰਤ ਰਾਜ ਨੇ ਅਜੇ ਸ਼ਿਅਰਕਾਰੀ ਦੀ ਗੰਭੀਰਤਾ ਅਤੇ ਫਲਸਫਾਈ ਰੰਗਤ ਨੂੰ ਹੋਰ ਗੂੜ੍ਹਿਆਂ ਕਰਨਾ ਹੈ। ਉਹ ਲਗਾਤਾਰ ਮਿਆਰੀ ਸਿਰਜਣ ਪ੍ਰਕਿਰਿਆ ਵਿੱਚ ਹੈ ਅਤੇ ਉਸ ਦਾ ਅਨੁਭਵ ਨਿੱਤ ਨਵੇਂ ਅਯਾਮ ਸਥਾਪਿਤ ਕਰ ਰਿਹਾ ਹੈ। ਉਸ ਦਾ ਨਿਜੀ ਗ਼ਮ ਜ਼ਮਾਨੇ ਦੇ ਗ਼ਮ ਵਿੱਚ ਪਰਵਰਤਿਤ ਹੋ ਰਿਹਾ ਹੈ। ਰਾਜ ਯਥਾਰਥ ਅਤੇ ਆਦਰਸ਼ ਵਿਚਕਾਰ ਜੇਕਰ ਦੂਰੀ ਰੱਖ ਰਿਹਾ ਹੈ ਤਾਂ ਇਹ ਉਸ ਦੁਆਰਾ ਜੀਵਨ ਦੇ ਸੰਤਾਪ ਅਤੇ ਭਟਕਣ ਹੰਢਾਉਣ ਕਰਕੇ ਹੈ। ਉਹ ਜ਼ਿੰਦਗੀ ਦੇ ਸਿੱਧੇ ਰਸਤਿਆਂ ਦੀ ਖੋਜ਼ ਵਿੱਚ ਹੈ। ਜ਼ਿੰਦਗੀ ਦੁਆਲੇ ਵਲ਼ੀਆਂ ਕੰਡਿਆਲੀਆਂ ਤਾਰਾਂ ਦੇ ਦਾਇਰਿਆਂ ਨੂੰ ਉਹ ਤੋੜਨਾ ਚਹੁੰਦਾ ਹੈ। ਉਸ ਦੇ ਸ਼ਿਅਰਾਂ ਵਿਚ ਵਸਤੂ ਯਥਾਰਥ ਵੀ ਹੈ ਅਤੇ ਸੁਪਨ ਸੰਸਾਰ ਨੂੰ ਸੁਰਜੀਤ ਕਰਨ ਦਾ ਸੁਪਨਾ ਵੀ ਹੈ। ਉਸ ਦੇ ਅਨੇਕਾਂ ਸ਼ਿਅਰ ਅਨੇਕਾਂ ਤਰ੍ਹਾਂ ਦੇ ਕਲ੍ਹਾ ਕਲੇਸ਼ਾਂ ਦਾ ਪ੍ਰਗਟਾਅ ਵੀ ਹਨ, ਪਰ ਉਨ੍ਹਾਂ ਦੀ ਭਾਸ਼ਕ ਸਥਿੱਤੀ ਵਿੱਚ ਸਹਿਜ ਦਾ ਪ੍ਰਗਟਾਵਾ ਹੋਣ ਕਰ ਕੇ ਉਹ ਸੰਚਾਰੀਕਰਨ ਵਿਚ ਸਰਲਤਾ ਅਖ਼ਤਿਆਰ ਕਰਦੇ ਹਨ। ਇਹ ਉਸ ਦੇ ਸ਼ਿਅਰਾਂ ਦੀ ਸਪਾਟ ਸਥਿਤੀ ਨਾ ਹੋ ਕੇ ਸਰਲਤਾ ਸਪਸ਼ਟਤਾ ਅਤੇ ਸਾਦਗੀ ਦਾ ਗੁਣ ਬਣ ਜਾਂਦਾ ਹੈ।



‘ਰਾਜ’ ਦੇ ਸਾਹਮਣੇ ਉਹ ਸੁਖਨਵਰ ਦਾਨਿਸ਼ਵਰ ਹਨ ਜੋ ਆਪਣੇ ਆਸੇ ਪਾਸੇ ਫੈਲੇ ਨਰਕ ਨੂੰ ਨਹੀ ਵੇਖਦੇ ਪਰ ਸੰਸਾਰ ਦੀ ਫਿਲਾਸਫੀ ਦੀਆਂ ਲਿਖਤਾਂ ਰਚਦੇ ਹਨ:

ਇਹਨਾਂ ਦਾਨਿਸ਼ਵਰਾਂ ਦੀ ਮੈਂ, ਸੁਣੀ ਹੈ ਗੁਫ਼ਤਗੂ ਜਦ ਵੀ,
ਛੁਪਾ ਕੇ ਆਪਣੇ ਘਰ ਦੀ, ਸਦਾ ਬੇਗਾਨੀਆਂ ਕਰਦੇ।

ਪੰਜਾਬੀ ਦੀ ਕਿਸਾਨੀ ਐਨੀ ਥੱਲੇ ਲੱਗ ਗਈ ਹੈ ਕਿ ਕਿਸਾਨ ਆਤਮ-ਹੱਤਿਆਵਾਂ ਕਰ ਰਹੇ ਹਨ। ਬਜਾਏ ਏਸ ਦੇ ਕਿ ਸਰਕਾਰ ਕਿਸਾਨੀ ਦੇ ਧੰਦੇ ਨੂੰ ਲਾਹੇਵੰਦ ਬਣਾਵੇ, ਇਸ ਦਾ ਹੱਲ ਇਹ ਕੀਤਾ ਗਿਆ ਹੈ ਕਿ ਆਤਮ-ਹੱਤਿਆ ਕਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਦੋ ਲੱਖ ਰੁਪਏ ਸਰਕਾਰੀ ਸਹਾਇਤਾ ਦਿੱਤੀ ਜਾਂਦੀ ਹੈ।

ਕਿਸੇ ਦੇ ਮਰਨ ਦੇ ਉੱਤੇ, ਮਿਲੂ ਸ਼ਮਸ਼ਾਨ ਦਾ ਖਰਚਾ,
ਇਹ ਸਾਡੇ ਸ਼ਹਿਰ ਦੇ ਹਾਕਮ, ਕਿਵੇਂ ਬਚਕਾਨੀਆਂ ਕਰਦੇ।

ਲੋਕ ਇਕ ਰੰਗ ਦੀ ਸਰਕਾਰ ਨੂੰ ਇਸ ਕਰ ਕੇ ਹਰਾ ਦਿੰਦੇ ਨੇ ਕਿ ਦੂਜੇ ਰੰਗ ਦੀ ਸਰਕਾਰ ਉਨ੍ਹਾਂ ਦੇ ਮਸਲਿਆਂ ਪ੍ਰਤੀ ਸੰਜੀਦਾ ਹੋਵੇਗੀ, ਪਰ ਉਹਨਾਂ ਦੀ ਹਾਲਤ ਉਥੇ ਹੀ ਰਹਿੰਦੀ ਹੈ।

ਇਹ ਕਿਨਾਰਾ ਛੱਡਿਆ, ਦੂਜੇ ਕਿਨਾਰੇ ਜਾਣ ਨੂੰ,
ਲੰਘ ਚੱਲੀ ਉਮਰ ਸਾਰੀ, ਵਿੱਚ ਵਿਚਾਲੇ ਤਰਦਿਆਂ।

ਅੱਜ ਮਨੁੱਖ ਲਾਲਚ ਦੇ ਦੈਂਤੀ ਵਰਤਾਰੇ ਅਧੀਨ ਕੁਦਰਤ ਨੂੰ ਹਰ ਪਾਸਿਉਂ ਦੂਸ਼ਿਤ ਕਰ ਰਿਹਾ ਹੈ। ਉਸ ਦੇ ਲਾਲਚ ਨੇ ਉਸ ਦੇ ਸਾਹ ਵਾਸਤੇ ਆਕਸੀਜ਼ਨ ਅਤੇ ਸ਼ੁੱਧ ਪਾਣੀ ਵੀ ਨਹੀ ਛੱਡਿਆ। ਰਾਜ ਇਸ ਗੱਲ ਨੂੰ ਕਿੰਨੇ ਸਹਿਜ ਅਤੇ ਅਲੰਕਾਰਕ ਸ਼ਿਅਰ ਰਾਹੀਂ ਆਖਦਾ ਹੈ :

ਰੁੱਖ ਵੱਢਦਾ ਥੱਕਿਆ ਜਦ, ਛਾਂ ਫਿਰੇ ਉਹ ਟੋਲ਼ਦਾ,
ਬੇ-ਖ਼ਬਰ ਹੁਣ ਕਾਲ਼ ਦੇ ਸਮਝੇ ਇਸ਼ਾਰੇ ਕਿਸ ਤਰਾਂ।

ਉਸ ਦੀਆਂ ਗ਼ਜ਼ਲਾਂ ਵਿੱਚ ਬਹੁਤ ਸਾਰੇ ਸ਼ਿਅਰ ਫਿਲਾਸਫੀ ਦੇ ਹਨ :

ਡੁੱਬਦੇ ਸੂਰਜ ਨੇ ਇਸ ਦੇ ਕੰਨ ਵਿੱਚ ਕੀ ਆਖਿਆ,
ਨ੍ਹੇਰਿਆਂ ਨੂੰ ਓੜ ਕੇ ਵੀ, ਰਾਤ ਹੈ ਸ਼ਰਮਾ ਰਹੀ।

ਹੋ ਬੇਕਰਾਰ ਸਾਜਣ, ਮੈਂ ਪਹਿਨਿਆ ਹੈ ਤੈਨੂੰ,
ਖ਼ੁਦ ਨੂੰ ਉਤਾਰ ਸਾਜਣ, ਮੈਂ ਪਹਿਨਿਆਂ ਹੈ ਤੈਨੂੰ।

ਨਾਜ਼ਮ ਨੇ ਭਿਜਵਾਈ ਹੈ, ਏਨੀ ਵੱਡੀ ਖ਼ੁਸ਼ਖਬਰੀ,
ਸਾਡੀ ਖਾਤਰ ਉਸ ਨੇ ਹੁਣ, ਮਕਤਲ ਹੋਰ ਬਣਾਏ ਨੇ।

ਅਨੇਕਾਂ ਵਾਰ ਸੂਰਜ ਨੇ, ਹਨੇਰੇ ਤੇ ਗ਼ਜ਼ਲ ਆਖੀ,
ਕਦੇ ਨਾ ਰਾਤ ਕਾਲ਼ੀ ਨੇ, ਸਵੇਰੇ ਤੇ ਗ਼ਜ਼ਲ ਆਖੀ।

ਮੇਰੇ ਵੀ ਕਫ਼ਨ ਸਿਰ ਤੇ, ਤੂੰ ਵੀ ਲੁਕੋ ਨਾ ਖੰਜ਼ਰ,
ਚਲ ਰਾਜ ਨਾਲ ਮੇਰੇ, ਮਕਤਲ ਤਲਾਸ਼ ਲਈਏ।

ਤਪ ਰਹੀ ਹੈ ਆਤਮਾ, ਹਿਜ਼ਰਾਂ ਦਾ ਏਨਾਂ ਤਾਪ ਹੈ,
ਬਰਫ਼ ਵਾਂਗਰ ਫੇਰ ਵੀ, ਖੁਰਦੀ ਰਹੇ ਇਹ ਜ਼ਿੰਦਗੀ।

ਰਾਜ ਦੇ ਕਈ ਸ਼ਿਅਰ ਕੋਟ ਕਰਨ ਯੋਗ ਹਨ। ਇਹ ਸ਼ਿਅਰ ਜਿਸ ਵਿਚ ਉਹ ਮਿਲੇ ਧੋਖੇ ਦੇ ਅਸਰ ਨੂੰ ਦਰਕਿਨਾਰ ਕਰਕੇ ਸਗੋਂ ਇਸ ਨੂੰ ਇਕ ਸੁਗਾਤ ਸਮਝਦਾ ਹੈ

ਝੂਠਿਆਂ ਹੀ ਲਾਰਿਆਂ ਦਾ ਜਾਲ਼ ਬੁਣ ਕੇ ਮਹਿਰਮੋਂ,
ਅੱਖੀਆਂ 'ਚੋਂ ਹੋ ਰਹੀ, ਬਰਸਾਤ ਮਨਫ਼ੀ ਕਰ ਦਿਓ।"

ਉਸ ਨੇ ਜਨ-ਸਧਾਰਨ ਦੀ ਸੋਚ ਨੂੰ ਦਰਸਾਉਂਦੇ ਸ਼ਿਅਰ ਵੀ ਕਹੇ ਹਨ।

"ਜਿਨ੍ਹਾਂ ਨੂੰ ਵੋਟ ਪਾ ਕੇ ਹੈ ਬਿਠਾਇਆ ਤਖ਼ਤ ਦੇ ਉੱਤੇ,
ਉਨ੍ਹਾਂ ਤੋਂ ਡਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕੀ।"

'ਰਾਗਣੀਆਂ' ਗ਼ਜ਼ਲ ਸੰਗ੍ਰਿਹ ਦਾ ਰੂਪਕ ਪੱਖ ਵੀ ਸਲਾਹੁਣ-ਯੋਗ ਹੈ। ਉਸ ਦੇ ਕਾਫੀਏ ਸ਼ਗੁਫਤਾ ਅਤੇ ਵਿਸ਼ੇ ਦੇ ਨਿਭਾਅ ਦਾ ਧੁਰਾ ਬਣਦੇ ਹਨ। ਕਾਫੀਏ ਦੀ ਸੁੰਦਰਤਾ ਵਾਸਤੇ ਉਹ ਰਦੀਫਾਂ ਦੀ ਸੁੰਦਰ ਚੋਣ ਤੇ ਵਰਤੋਂ ਕਰਦਾ ਹੈ। ਕੁਝ ਇਕ ਸ਼ਬਦਾਂ ਨੂੰ ਛੱਡ ਕੇ ਉਹ ਸ਼ਬਦਾਂ ਦਾ ਉਚਾਰਣ ਜਾਂ ਤਲੱਫੁਜ਼ ਪੰਜਾਬੀ-ਮੁਖੀ ਰੱਖਦਾ ਹੈ। ਉਸ ਦੇ ਮਿਸਰਿਆਂ ਵਿੱਚ ਤੁਕਾਂਗ ਦੀ ਸਿਰਜਣਾ ਅਰੂਜ਼ੀ ਬਹਿਰਾਂ ਨੂੰ ਪੰਜਾਬੀ ਦਾ ਅਨੁਸਰਣ ਦਿਵਾਉਂਦੀ ਹੈ। ਰਾਜ ਦੀਆਂ ਕੁੱਲ ਗ਼ਜ਼ਲਾਂ ਛੰਦਾਂ ਬਹਿਰਾਂ ਵਿੱਚ ਪਰਿਪੂਰਨ ਹਨ। ਉਸ ਦੀ ਤਬੀਅਤ ਵਿੱਚ ਅਰੂਜ਼ ਦੀਆਂ ਬਹਿਰਾਂ ਮੁਜ਼ਾਰਿਆ ਮੁਸੱਮਨ ਅਖ਼ਰਬ ਅਤੇ ਬਹਿਰ ਹਜ਼ਜ਼ ਸਮਾਈਆਂ ਹੋਈਆਂ ਹਨ। ਮੈਂ ਉਸ ਦੀਆਂ ਇਸ ਕਿਤਾਬ ਵਿਚਲੀਆਂ ਕੁੱਲ ਗ਼ਜ਼ਲਾਂ ਦਾ ਸਰਸਰੀ ਸਰਵੇਖਣ ਕੀਤਾ ਤਾਂ ਉਸ ਦੀ ਬਹਿਰ ਪ੍ਰਾਪਤੀ ਦਾ ਚਾਰਟ ਇਸ ਤਰ੍ਹਾਂ ਬਣਿਆ।

| | |
|---|---|
| ਸਰਵੇ ਅਧੀਨ ਕੁੱਲ | 125 ਗ਼ਜ਼ਲਾਂ |
| ਬਹਿਰ ਮੁਜ਼ਾਰਿਆ ਸਾਲਮ ਅਤੇ ਜ਼ਿਹਾਫਾਂ ਸਹਿਤ | = 41 |
| ਬਹਿਰ ਰਮਲ ਸਾਲਮ ਅਤੇ ਜ਼ਿਹਾਫਾਂ ਸਹਿਤ | =24 |
| ਬਹਿਰ ਹਜਜ ਸਾਲਿਮ ਅਤੇ ਜ਼ਿਹਾਫਾਂ ਸਹਿਤ | =38 |
| ਬਹਿਰ ਮੁਤਦਾਰਿਕ ਜ਼ਿਹਾਫੀ (ਚੌਪਈ ਨਿੱਕੀ) | = 21 |
| ਬਹਿਰ ਰਜ਼ਜ਼ ਸਾਲਮ | =1 |



ਇਹਨਾਂ ਛੰਦਾਂ ਬਹਿਰਾਂ ਨੂੰ ਉਸ ਨੇ ਪੂਰੀ ਤਕਨੀਕ ਨਾਲ ਨਿਭਾਇਆ ਹੈ। ਹੇਠਾਂ ਉਸ ਦੀਆਂ ਗ਼ਜ਼ਲਾਂ ਵਿੱਚੋਂ ਦੋ ਸ਼ਿਅਰਾਂ ਦੀ ਤਕਤੀਹ ਦਿੱਤੀ ਜਾ ਰਹੀ।

ਸ਼ਿਅਰ:
ਨਦੀ ਦਾ ਨੀਰ ਬਾਗੀ ਹੈ, ਵਤਨ ਦੀ ਹੱਦ ਨੂੰ ਟੱਪੇ,
ਵਹਾਅ ਵਿਚ ਹੌਸਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਬਹਿਰ: ਹਜ਼ਜ ਮਸੁੰਮਨ ਸਾਲਿਮ
ਸਰੂਪ : ਮੁਫਾਈਲੁਨ ਮੁਫਾਈਲੁਨ ਮੁਫਾਈਲੁਨ ਮੁਫਾਈਲੁਨ
ISSS ISSS ISSS ISSS

ਤਕਤੀਹ:

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮੁ | ਫਾ | ਈ | ਲੁਨ | ਮੁ | ਫਾ | ਈ | ਲੁਨ | ਮੁ | ਫਾ | ਈ | ਲੁਨ | ਮੁ | ਫਾ | ਈ | ਲੁਨ |
| I | S | S | S | I | S | S | S | I | S | S | S | I | S | S | S |
| ਨ | ਦੀ | ਦਾ | ਨੀ | ਰ | ਬਾ | ਗੀ | ਹੈ | ਵ | ਤਨ | ਦੀ | ਹੱ | ਦ | ਨੂੰ | ਟੱ | ਪੇ |
| ਵ | ਹਾ | ਵਿਚ | ਹੌਂ | ਸ | ਲੇ | ਏ | ਨੇ | ਕ | ਰੇ | ਤਾਂ | ਕੀ | ਕ | ਰੇ | ਕੋ | ਈ |

ਸ਼ਿਅਰ
ਰੋਕ ਸਕਦੈਂ ਤੂੰ ਅਗਰ ਪੈਰਾਂ ਦੀ ਥਿਰਕਣ ਰੋਕ ਲੈ,
ਪੈ ਕੁਠਾਲੀ ਇਸ਼ਕ ਦੀ ਮੈਂ, ਖ਼ੁਦ ਨੂੰ ਝਾਂਜਰ ਕਰ ਲਵਾਂ।
ਸਰੂਪ= ਬਹਿਰ ਰਮਲ ਮੁਸੰਮਨ ਮਹਿਜ਼ੂਫ
ਫਾਇਲਾਤੁਨ, ਫਾਇਲਾਤੁਨ, ਫਾਇਲਾਤੁਨ, ਫਾਇਲੁਨ
SISS, SISS, SISS, SIS

ਤਕਤੀਹ:

| | | | | | | | | | | | | | | |
|---|---|---|---|---|---|---|---|---|---|---|---|---|---|---|
| ਫਾ | ਇ | ਲਾ | ਤੁਨ | ਫਾ | ਇ | ਲਾ | ਤੁਨ | ਫਾ | ਇ | ਲਾ | ਤੁਨ | ਫਾ | ਇ | ਲੁਨ |
| S | I | S | S | S | I | S | S | S | I | S | S | S | I | S |
| ਰੋ | ਕ | ਸਕ | ਦੈਂ | ਤੂੰ | ਅ | ਗਰ | ਪੈ | ਰਾਂ | ਦ | ਥਿਰ | ਕਣ | ਰੋ | ਕ | ਲੈ |
| ਪੈ | ਕੁ | ਠਾ | ਲੀ | ਇਸ਼ | ਕ | ਦੀ | ਮੈਂ | ਖ਼ੁਦ | ਨੁ | ਝਾਂ | ਜਰ | ਕਰ | ਲ | ਵਾਂ |

ਉਕਤ ਤਕਤੀਹ ਦੇ ਵਿਗਿਆਨ ਨੇ ਦੱਸਿਆ ਹੈ ਕਿ ਸ਼ਾਇਰ ਨੇ ਇਕ ਸਿਹਾਰੀ ਦੀ ਵੀ ਗਲਤੀ ਨਹੀ ਕੀਤੀ।

ਪੁਸਤਕ 'ਰਾਗਣੀਆਂ' ਦੀਆਂ ਗ਼ਜ਼ਲਾਂ ਦੇ ਸ਼ਿਅਰਾਂ ਵਿੱਚ ਬਿੰਬ ਅਤੇ ਰਸਾਂ ਤੋਂ ਬਿਨਾ ਸਹਿਜ ਅਲੰਕਾਰਾਂ ਦੀ ਵਰਤੋਂ ਨੇ ਸ਼ਿਅਰਾਂ ਦੀ ਪੇਸ਼ਕਾਰੀ ਵਿੱਚ ਕਲਾਤਮਕ ਤਰਲਤਾ ਲਿਆਂਦੀ ਹੈ। ਸ਼ਾਇਰ ਆਪਣੀ ਸ਼ਿਅਰਕਾਰੀ ਦੇ ਸੂਖਮ ਅੰਦਾਜ਼ ਨਾਲ ਹੋਰ

ਵੀ ਸੰਜ਼ੀਦਗੀ ਵੱਲ ਵਧੇਗਾ। ਮੇਰੀ ਇਹ ਆਸਥਾ ਹੈ ਕਿ 'ਰਾਗਣੀਆਂ' ਗ਼ਜ਼ਲ ਸੰਗ੍ਰਿਹ ਪੰਜਾਬੀ ਗ਼ਜ਼ਲ ਵਿੱਚ ਆਪਣਾ ਯੋਗ ਸਥਾਨ ਨਿਰਧਾਰਿਤ ਕਰਨ ਵਿੱਚ ਕਾਮਯਾਬ ਹੋਵੇਗਾ। ਪੰਜਾਬੀ ਗ਼ਜ਼ਲ ਦੀ ਸੁਨਹਿਰੀ ਦਿਸ਼ਾ ਅਤੇ ਦਸ਼ਾ ਦਰਸਾਉਂਦੀ ਇਸ ਪੁਸਤਕ ਦੀ ਭੂਮਿਕਾ ਲਿਖ ਕੇ ਮੈਨੂੰ ਸਕੂਨ ਪ੍ਰਾਪਤ ਹੋਇਆ ਹੈ।

ਸੁਲੱਖਣ ਸਰਹੱਦੀ
ਮੋਬਾਈਲ : 94174-84337



## ਪੰਜਾਬੀ ਗ਼ਜ਼ਲ ਦੇ ਨਵੇਂ ਦਿਸਹੱਦੇ ਸਿਰਜਦੀਆਂ: ਰਾਗਣੀਆਂ

ਰਜਵੰਤ ਰਾਜ ਇੱਕ ਪਰਵਾਸੀ ਗ਼ਜ਼ਲਗੋ ਹੈ ਜੋ ਆਪਣੀ ਮਾਤ ਭੂਮੀ ਤੋਂ ਦੂਰ ਕਨੇਡਾ ਦੀ ਧਰਤੀ 'ਤੇ ਰਹਿੰਦੇ ਹੋਏ ਵੀ ਪੰਜ਼ਾਬੀ ਜ਼ੁਬਾਨ ਅਤੇ ਪੰਜਾਬੀ ਗ਼ਜ਼ਲ ਦਾ ਪ੍ਰਤੀ ਪੂਰੀ ਤਰਾਂ ਸਮਰਪਿਤ ਹੈ। ਇਸ ਤੋਂ ਪਹਿਲਾਂ 'ਰੰਗਸ਼ਾਲਾ' ਗ਼ਜ਼ਲ ਸੰਗ੍ਰਿਹ ਰਾਹੀਂ ਇਕ ਗ਼ਜ਼ਲਗੋ ਦੇ ਤੌਰ 'ਤੇ ਉਸ ਨੇ ਜਿਹੜੀ ਪਛਾਣ ਬਣਾਈ ਸੀ, ਉਹ ਇਸ ਹੱਥਲੇ 'ਰਾਗਣੀਆਂ'' ਗ਼ਜ਼ਲ ਸੰਗ੍ਰਿਹ ਨਾਲ ਹੋਰ ਵੀ ਗੂੜ੍ਹੀ ਅਤੇ ਪਰਿਪੱਕ ਹੋ ਕੇ ਸਾਹਮਣੇ ਆਈ ਹੈ। ਸ਼ਾਇਰੀ ਉਸ ਦੀ ਰਗ ਰਗ 'ਚ ਸਮਾਈ ਹੋਈ ਹੈ। ਸ਼ਾਇਰੀ ਤੇ ਫਕੀਰੀ ਦਾ ਸੁਮੇਲ ਉਸ ਦੀ ਸੋਚ ਦੀ ਬੁਨਿਆਦ ਹੈ। ਉਹਦਾ ਇਹ ਕਹਿਣਾ ਉਸ ਦੀ ਸੋਚ ਦੀ ਪ੍ਰੋੜਤਾ ਕਰਦਾ ਹੈ।

ਅੰਤਰ ਮਨ 'ਚੋਂ ਮੌਲ਼ਦੀਆਂ ਨੇ, ਅੰਤਰ-ਬੋਧੀ ਕਵਿਤਾਵਾਂ।
ਸ਼ਾਇਰ ਲੋਕ ਫਕੀਰਾਂ ਵਰਗੇ ਗਾਉਣ ਸਰੋਦੀ ਕਵਿਤਾਵਾਂ।

ਰਾਜ ਸਮਾਜਿਕ ਵਿਸੰਗਤੀਆਂ, ਰਾਜਨੀਤਿਕ ਪਰਪੰਚਾਂ ਅਤੇ ਧਾਰਮਿਕ ਧਾਂਦਲੀਆਂ ਵਿਰੁੱਧ ਜਿਸ ਚੇਤਨਾ ਰਾਹੀਂ ਸ਼ਿਅਰਾਂ ਦੀ ਸਿਰਜਣਾ ਕਰਦਾ ਹੈ, ਉਸ ਕਾਰਣ ਉਹ ਇਕ ਲੋਕ ਪੱਖੀ ਸ਼ਾਇਰ ਵਜੋਂ ਆਪਣੀ ਪਛਾਣ ਪ੍ਰਤੀ ਇਕ ਸਫ਼ਲ ਗ਼ਜ਼ਲਗੋ ਹੋਣ ਦਾ ਪਰਮਾਣ ਦਿੰਦਾ ਹੈ। ਉਹ ਸਮਾਜ ਦੇ ਦੁੱਖ ਨੂੰ ਆਪਣਾ ਦੁੱਖ ਮੰਨਦਾ ਹੈ ਅਤੇ ਆਖਦਾ ਹੈ,

ਉਹ ਭੁੱਖੇ ਨੌਨਿਹਾਲਾਂ ਦੀ ਯਤੀਮੀ ਕਰਜ਼ ਸਾਡੇ ਤੇ,
ਉਨ੍ਹਾਂ ਦੇ ਪੂੰਝ ਕੇ ਹੰਝੂ, ਚਲੋ ਮੁਸਕਾਨ ਬਣ ਜਾਈਏ।

ਉਹ ਗ਼ਜ਼ਲ ਦੇ ਮਿਜਾਜ ਨੂੰ ਜਾਣਦਾ ਹੈ , ਨਤੀਜ਼ੇ ਵਜੋਂ ਗ਼ਜ਼ਲ ਦੇ ਆਸ਼ਿਕਾਨਾ ਅਤੇ ਰਿੰਦਾਨਾ ਰੰਗ ਚੋਂ ਨਿਕਲੀ ਮੁਹੱਬਤ ਦੀ ਸ਼ਾਇਰੀ ਵੀ ਉਸ ਦੇ ਇਸ ਗ਼ਜ਼ਲ ਸੰਗ੍ਰਿਹ ਦਾ ਅਨਿੱਖੜਵਾਂ ਅੰਗ ਹੋ ਨਿੱਬੜੀ ਹੈ।

ਇਸ ਸ਼ਾਇਰ ਨੂੰ ਗ਼ਜ਼ਲ ਦੇ ਬੰਦਸ਼ੀ ਸੁਭਾਅ ਦੀ ਵੀ ਪੂਰੀ ਜਾਣਕਾਰੀ ਹੈ। ਜਿਸ ਕਰਕੇ ਬਹਿਰ ਵਜ਼ਨ ਪਖੋਂ ਕਿਤੇ ਵੀ ਨਹੀ ਡੋਲਦਾ । ਗ਼ਜ਼ਲ ਦੇ ਵਿਗਿਆਨਕ ਔਜ਼ਾਰਾਂ ਨਾਲ ਉਹ ਸ਼ਬਦਾਂ ਨੂੰ ਘੜਨ ਦੀ ਪੂਰੀ ਮੁਹਾਰਤ ਰੱਖਦਾ ਹੈ।

ਸ਼ਬਦਾਂ ਦਾ ਇੱਕ ਦਰਿਆ ਵਗਦਾ ਹੈ ਓਸ ਵਿੱਚੋਂ,
ਜਦ ਵੀ ਗ਼ਜ਼ਲ ਸੁਣਾਉਂਦਾ, ਨਾਲੇ ਹੀ ਰੋੜ੍ਹ ਲੈਂਦਾ।

ਉਸ ਨੂੰ ਅਰੂਜ ਦਾ ਗਿਆਨ ਅਤੇ ਅਭਿਆਸ ਇਸ ਕਦਰ ਹੈ ਕਿ ਸਹਿਜ ਸੁਭਾ ਹੀ ਉਹ ਗ਼ਜ਼ਲ ਦੀ ਜਮੀਨ ਦੀ ਚੋਣ ਅਤੇ ਕਾਫੀਆ ਰਦੀਫ ਪ੍ਰਤੀ ਪੂਰੀ ਤਰਾਂ ਸੁਚੇਤ ਹੋਣ ਦਾ ਪਰਮਾਣ ਦਿੰਦਾ ਹੈ। ਮੇਰੀ ਜਾਚੇ ਉਹ ਨਾ ਸਿਰਫ ਪਰਵਾਸੀ ਸ਼ਾਇਰਾਂ ਵਿਚ ਹੀ ਆਪਣੇ ਰੁਤਬੇ ਨੂੰ ਕਾਇਮ ਦਾਇਮ ਰੱਖਣ ਦੇ ਸਮਰੱਥ ਹੋਵੇਗਾ ਸਗੋਂ ਸਮੁੱਚੀ ਪੰਜਾਬੀ ਗ਼ਜ਼ਲ ਵਿਚ ਆਪਣੀ ਜ਼ਿਕਰਯੋਗ ਥਾਂ ਬਣਾਉਣ ਵਿੱਚ ਵੀ ਕਾਮਯਾਬ ਹੋਵੇਗਾ।

ਰਾਜ ਦੀ ਪੰਜਾਬੀ ਸਾਹਿਤ ਵਿਚ ਪੈੜ ਚਾਲ ਸਲਾਹੁਣਯੋਗ ਹੈ। ਮੈਂ ਰਾਜਵੰਤ ਰਾਜ ਦੀ ਗ਼ਜ਼ਲਗੋਈ ਦਾ ਭਰਪੂਰ ਸੁਆਗਤ ਕਰਦਾ ਹਾਂ ਅਤੇ ਉਸਦੇ ਉੱਜਲੇ ਸਾਹਿਤਕ ਭਵਿੱਖ ਦੀ ਕਾਮਨਾ ਕਰਦਾ ਹਾਂ।

ਡਾ: ਐਸ ਤਰਸੇਮ



## ਮੁਬਾਰਕ

ਕਵੀਆਂ ਦੀਆਂ ਸਤਰਾਂ ਸੁਰ ਹੋਈਆਂ ਕੱਸੀਆਂ ਤਾਰਾਂ ਵਰਗੀਆਂ ਹੁੰਦੀਆਂ ਹਨ। ਉਨ੍ਹਾਂ ਤਾਰਾਂ ਵਿਚ ਕਵੀ ਦੇ ਵਜੂਦ ਦੀਆਂ ਤਰੰਗਾਂ ਹੁੰਦੀਆਂ ਹਨ ਜਿਹੜੀਆਂ ਕੁਦਰਤ ਦੀਆਂ ਰਮਜ਼ਾਂ ਅਤੇ ਸਮੇਂ ਦੀ ਗਤੀ ਨਾਲ ਪੈਦਾ ਹੁੰਦੀਆਂ ਹਨ। ਕੁਦਰਤ ਦੀਆਂ ਰਮਜ਼ਾਂ ਅਤੇ ਸਮੇਂ ਦੀ ਗਤੀ ਕਵੀ ਦੇ ਮਨ ਵਿੱਚ ਵਿਸਮਾਦ, ਸੰਤਾਪ, ਸੰਜੋਗ, ਵਿਯੋਗ, ਦੁੱਖ, ਹਿਰਖ਼ , ਖ਼ੁਸ਼ੀ ਗ਼ਮ ਤੇ ਵਿਦਰੋਹ ਦੇ ਭਾਵ ਪੈਦਾ ਕਰਦੇ ਹਨ। ਇਨ੍ਹਾਂ ਸਾਰੇ ਭਾਵਾਂ ਦੀਆਂ ਤਰੰਗਾਂ ਨੂੰ ਸੁਰ ਹੋਈਆਂ ਸਤਰਾਂ ਵਿੱਚ ਬਦਲਨ ਲਈ ਗਹਿਰੀ ਇਕਾਗਰਤਾ ਵੀ ਚਾਹੀਦੀ ਹੈ ਤੇ ਸ਼ਬਦਾਂ ਦਾ ਮਹੀਨ ਸ਼ਿਲਪ ਵੀ। ਰਾਜਵੰਤ ਰਾਜ ਦੀਆਂ ਗ਼ਜ਼ਲਾਂ ਪੜਦਿਆਂ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਉਹ ਸ਼ਾਇਰੀ ਦੇ ਇਸ ਭੇਦ ਦਾ ਮਹਿਰਮ ਵੀ ਹੈ ਤੇ ਸਾਧਕ ਵੀ। 'ਰਾਗਣੀਆਂ' ਦੀ ਰਚਨਾ ਲਈ ਬਹੁਤ ਪਿਆਰ, ਮੁਬਾਰਕ ਤੇ ਦੁਆਵਾਂ।

ਡਾ: ਸੁਰਜੀਤ ਪਾਤਰ

# ਪਾਠਕ ਦੇ ਨਜ਼ਰੀਏ ਤੋਂ
# ਮੁਹੱਬਤ ਦੀ ਤਰਜ਼ਮਾਨੀ : ਰਾਗਣੀਆਂ

ਰਾਗਣੀਆਂ ਪੁਸਤਕ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਜਿਵੇਂ ਸੂਖ਼ਮ ਖਿਆਲਾਂ ਦੀ ਸ਼ਿਖਰ ਛੋਂਹਦੀਆਂ ਭਾਵਨਾਵਾਂ ਨਾਲ ਲਬਰੇਜ਼ , ਜਜ਼ਬਾਤ ਅਤੇ ਵੇਦਨਾ ਨਾਲ ਸਰੋਬਾਰ, ਮੁਹੱਬਤ ਦੀ ਤਰਜਮਾਨੀ ਕਰਦੀਆਂ ਖ਼ੂਬਸੂਰਤ ਗ਼ਜ਼ਲਾਂ ਹੀ ਰਾਗਣੀਆਂ ਬਣ ਕੇ ਸਾਹਿਤਕ ਫਿਜ਼ਾ ਨੂੰ ਮਹਿਕਾ ਰਹੀਆਂ ਹੋਣ। ਇਹਨਾਂ ਦੇ ਹਰਫਾਂ ਵਿਚਲੀਆਂ ਸੰਗੀਤਕ ਲਹਿਰਾਂ ਸਹਿਜੇ ਹੀ ਅਨਹਦ ਨਾਦ 'ਚ ਤਬਦੀਲ ਹੋ ਜਾਂਦੀਆਂ ਮਹਿਸੂਸ ਹੁੰਦੀਆਂ ਹਨ। ਰਾਗਣੀਆਂ ਪੁਸਤਕ ਵਿਚ ਸ਼ਾਮਿਲ ਹਰ ਗ਼ਜ਼ਲ ਦਾ ਹਰ ਸ਼ਿਅਰ ਹੀ ਕਾਵਿ ਕਲਾ ਦਾ ਬੇ-ਮਿਸਾਲ ਨਮੂਨਾ ਹੈ। ਨਿਮਨ ਸ਼ਿਅਰ ਵੀ ਇਸ ਦੀ ਗਵਾਹੀ ਭਰਦਾ ਹੈ।

ਗੁਨਾਹਾਂ ਮੇਰਿਆਂ ਨੂੰ ਐ ਖ਼ੁਦਾਇਆ ਮਾਫ਼ ਕਰ ਦੇਵੀਂ,
ਕਰਾਂ ਮਹਿਬੂਬ ਦਾ ਚਿੰਤਨ ਤਾਂ ਲਗਦੈ ਬੰਦਗੀ ਵਰਗਾ।

ਇਸ ਸ਼ਿਅਰ ਵਾਂਗਰ ਹੀ ਹਰ ਗ਼ਜ਼ਲ ਦੇ ਹਰ ਸ਼ਿਅਰ ਵਿੱਚ ਜਿੱਥੇ ਦਰਿਆ ਜਿਹੀ ਰਵਾਨੀ ਹੈ , ਝੀਲ ਜਿਹਾ ਠਹਿਰਾਵ ਹੈ ਤੇ ਸਮੁੰਦਰ ਜਿਹੀ ਚੰਚਲਤਾ ਹੈ ਉਥੇ ਹੀ ਸੰਵੇਦਨਸ਼ੀਲਤਾ ਦੇ ਨਾਲ ਨਾਲ ਸੋਚ ਦੀ ਪਰਿਪੱਕਤਾ ਵੀ ਪਰਤੱਖ ਨਜ਼ਰ ਆਉਂਦੀ ਹੈ। ਸ਼ਿਅਰਾਂ ਵਿੱਚ ਨਵੀਨਤਾ , ਨਿਵੇਕਲਾਪਣ ਤੇ ਪ੍ਰਗਤੀਸ਼ੀਲਤਾ ਦੀਆਂ ਕਈ ਮਿਸਾਲਾਂ ਸਨਮੁਖ ਹਨ।

ਗ਼ਜ਼ਲਾਂ 'ਚ ਕਮਾਲ ਦੀ ਸੁਹਜਆਤਮਿਕ ਭਾਸ਼ਾ ਵੀ ਇਹਨਾਂ ਦੇ ਨਿਵੇਕਲੇਪਣ ਦਾ ਪਰਮਾਣ ਹੈ । ਨਵੇਂ ਨਵੇਂ ਸ਼ਬਦਾਂ , ਮੁਹਾਵਰਿਆਂ ਤੇ ਅਖਾਣਾਂ ਨੂੰ ਸ਼ਾਇਰ ਨੇ ਬੜੇ ਸਲੀਕੇ ਨਾਲ ਕਿਸੇ ਪਰਬੀਨ ਜੌਹਰੀ ਦੀ ਤਰਾਂ ਗ਼ਜ਼ਲਾਂ 'ਚ ਜੜ੍ਹਿਆ ਹੈ। ਉਰਦੂ ਫਾਰਸੀ ਦੇ ਸ਼ਬਦਾਂ ਨੂੰ ਸ਼ਾਇਰ ਨੇ ਆਪਣੇ ਸ਼ਿਅਰਾਂ ਵਿਚ ਇਸ ਤਰਾਂ ਮੜ੍ਹਿਆ ਹੈ ਕਿ ਉਹ ਗ਼ਜ਼ਲ ਦੇ ਸੁਹੱਪਣ ਨੂੰ ਹੋਰ ਸੁਸੱਜਿਤ ਕਰਦੇ ਹਨ ਅਤੇ ਭਾਸ਼ਾਈ ਅਪਣੱਤ ਦਾ ਅਹਿਸਾਸ ਕਰਵਾਉਂਦੇ ਹਨ। ਸ਼ਬਦਾਂ ਦੇ ਤਲਿੱਸਮ ਨਾਲ ਲਬਰੇਜ਼ ਇੱਕ ਹੋਰ ਸ਼ਿਅਰ ਦੇਖੋ,

ਅਸੀਂ ਤੇੜਾਂ ਮਿਟਾਉਂਦੇ ਸੀ ਜੋ ਤਿੜਕੇ ਸ਼ੀਸ਼ਿਆਂ ਵਿੱਚੋ,
ਲਹੂ ਉਂਗਲਾਂ 'ਚੋਂ ਵਗ ਤੁਰਿਆ, ਦੁਆਵਾਂ ਬੇ-ਅਸਰ ਗਈਆਂ।

ਰਾਗਣੀਆਂ ਦੀ ਬਿੰਬਾਵਲੀ ਦ੍ਰਿਸ਼ਾਤਮਿਕ ਹੈ। ਪਾਠਕ ਅਨੂਠੀ ਕਾਵਿ ਕਲਾ ਦਾ ਆਨੰਦ ਮਾਣਦਾ ਹੋਇਆ ਮਨ ਦੇ ਕੈਨਵਸ 'ਤੇ ਕਈ ਕਈ ਤਰਾਂ ਦੇ ਚਿਤਰ ਉਲੀਕਦਾ



ਹੈ ਅਤੇ ਗ਼ਜ਼ਲਗੋ ਦੀ ਕਲਪਨਾ ਦੇ ਨਾਲ ਨਾਲ ਚਲਦਾ ਹੋਇਆ ਦਿਲ ਦੀਆਂ ਉਮੰਗਾਂ ਤੇ ਤਰੰਗਾਂ ਨੂੰ ਮਹਿਸੂਸ ਕਰਦਾ ਹੈ ਅਤੇ ਉਸ ਦੇ ਨਾਲ ਹੀ ਅਨੰਦਮਈ ਅੰਬਰਾਂ ਵਿੱਚ ਪਰਵਾਜ਼ ਭਰਦਾ ਹੈ।

ਆਣ ਕੇ ਹੋਠਾਂ ਤੇ ਮੇਰੇ ਬੋਲ ਹੀ ਸ਼ਰਮਾ ਗਏ,
ਅਣ-ਕਹੀ ਇਕ ਦਾਸਤਾਂ ਪੂਰੀ ਦੀ ਪੂਰੀ ਰਹਿ ਗਈ।

ਉਕਤ ਸ਼ਿਅਰ ਤੋਂ ਇਹ ਸਾਫ ਝਲਕਦਾ ਹੈ ਕਿ ਸ਼ਾਇਰ ਦਿਲ ਦੇ ਵਲਵਲਿਆਂ ਨੂੰ ਨਿਸ਼ੰਗ ਹੋ ਕੇ ਖੋਲ੍ਹਦਾ ਹੈ ਅਤੇ ਬਿਨਾਂ ਕਿਸੇ ਝਿਜਕ ਦੇ ਆਪਣੇ ਮੁਹੱਬਤੀ ਅਹਿਸਾਸ ਸਫਿਆਂ ਤੇ ਬਿਖੇਰਦਾ ਚਲਿਆ ਜਾਂਦਾ ਹੈ।

'ਰਾਗਣੀਆਂ' ਗ਼ਜ਼ਲ ਸੰਗ੍ਰਿਹ ਦੇ ਬਹੁਤ ਸਾਰੇ ਸ਼ਿਅਰ ਯਥਾਰਥ ਦੀ ਜ਼ਮੀਨ 'ਤੇ ਉੱਸਰੇ ਹਨ ਤੇ ਜ਼ਿੰਦਗੀ ਦੇ ਦਰਸ਼ਨ ਦੇ ਬਹੁਤ ਕਰੀਬ ਹਨ।

ਗ਼ਜ਼ਲਾਂ ਦੀ ਸੰਗੀਤਆਤਮਿਕਤਾ ਬੰਸੀਂ ਦੇ ਸੁਰਾਂ ਵਾਂਗ ਸੁਰੀਲੀ ਤੇ ਰੰਗੀਲੀ ਹੈ। ਸ਼ਾਇਰ ਦੀ ਸੋਚ ਅਤੇ ਚੇਤਨਤਾ, ਸੁਰਖ਼ਾਬਾਂ ਦੀ ਉਡਾਰੀ ਵਾਂਗਰ ਉਚੇਰੀ ਤੇ ਲੰਮੇਰੀ ਹੈ ਜੋ ਅੰਬਰਾਂ ਨੂੰ ਛੁਹੰਦੀ ਹੋਈ ਦਿਸਹੱਦਿਆਂ ਤੋਂ ਪਾਰ ਨਿਕਲ ਜਾਂਦੀ ਹੈ। ਏਨੀ ਉੱਚੀ ਉਡਾਰੀ ਹੋਣ ਦੇ ਬਾਵਜੂਦ ਵੀ ਸ਼ਾਇਰ ਆਪਣੇ ਮਰਕਜ਼ ਤੋਂ ਦੂਰ ਨਹੀ ਜਾਂਦਾ ਅਤੇ ਉਸ ਨੂੰ ਇਹ ਅਹਿਸਾਸ ਰਹਿੰਦਾ ਹੈ ਕਿ,

ਮਰਕਜ਼ੋਂ ਥਿੜਕੀ ਨਜ਼ਰ, ਨਾ ਆਰ ਦੀ, ਨਾ ਪਾਰ ਦੀ।
ਨਾ ਇਬਾਦਤ ਹੈ ਖ਼ੁਦਾ ਦੀ, ਨਾ ਇਬਾਦਤ ਯਾਰ ਦੀ।

ਰਾਗਣੀਆਂ ਪੁਸਤਕ ਪੜਦਿਆਂ ਬਹੁਤ ਵਾਰ ਇੰਝ ਪਰਤੀਤ ਹੁੰਦਾ ਹੈ ਜਿਵੇਂ ਵਸਲ ਦੀ ਤਾਂਘ ਤੇ ਹਿਜ਼ਰ ਦੀ ਪੀੜ ਪੌਣਾਂ ਦਾ ਰੁਦਨ ਬਣ ਗਈ ਹੋਵੇ ਅਤੇ ਪੂਰੀ ਲੋਕਾਈ ਇਸ ਦੀ ਵੇਦਨਾ 'ਚ ਸਮਾ ਗਈ ਹੋਵੇ।

ਇੱਕ ਪਾਠਕ ਦੇ ਨਜ਼ਰੀਏ ਤੋਂ ਰਾਜਵੰਤ ਰਾਜ ਦੀ ਗ਼ਜ਼ਲਗੋਈ ਨੂੰ ਮਾਣਦਿਆਂ, ਮੈਂ ਇਹ ਪੇਸ਼ੀਨਗੋਈ ਕਰਨ 'ਚ ਕੋਈ ਸੰਕੋਚ ਨਹੀਂ ਕਰਾਂਗੀ ਕਿ ਉਹ ਇਕ ਦਿਨ ਗ਼ਜ਼ਲ ਆਕਾਸ਼ ਦਾ ਧਰੂ ਤਾਰਾ ਬਣੇਗਾ, ਤੇ 'ਰਾਗਣੀਆਂ' ਪੁਸਤਕ ਗ਼ਜ਼ਲ ਦੇ ਰਾਹਾਂ ਦਾ ਇਕ ਮੀਲ ਪੱਥਰ ਸਾਬਿਤ ਹੋਵੇਗੀ। ਆਓ ਇਸ ਸ਼ਾਨਦਾਰ ਪੁਸਤਕ ਦਾ ਅਭਿਨੰਦਨ ਕਰੀਏ।

ਪ੍ਰਿੰ: ਸਿਮਰਤ ਸੁਮੈਰਾ

ਚਮਨ ਦੇ ਆਲਸੀ ਮਾਲੀ, ਅਗਰ ਨਿਗਰਾਨੀਆਂ ਕਰਦੇ।
ਕਦੇ ਨਾ ਭੌਰ ਕਲੀਆਂ ਨਾਲ, ਐਂ ਮਨਮਾਨੀਆਂ ਕਰਦੇ ।

ਉਹ ਪੱਥਰ ਇਲਤਿਜ਼ਾ ਸੁਣਦੇ ਨਾ ਉਹਨਾਂ ਸ਼ਿਲਪਕਾਰਾਂ ਦੀ,
ਜਿਨ੍ਹਾਂ ਦੇ ਘੜਨ ਤੇ ਹੀ ਮੰਦਰੀਂ ਭਗਵਾਨੀਆਂ ਕਰਦੇ।

ਉਨ੍ਹਾਂ ਗਲਵੱਕੜੀ ਪਾ ਕੇ ਹੀ ਬੋਝਾ ਟੋਹ ਲਿਆ ਸਾਡਾ,
ਕੀ ਕਰੀਏ ਘਰ ਦੇ ਬੰਦੇ ਨੇ, ਜਿਹੜੇ ਸ਼ੈਤਾਨੀਆਂ ਕਰਦੇ।

ਅਜੇ ਵੀ ਲੋਕ ਪਿੱਟਦੇ ਨੇ ਜੋ ਏ-ਸੀ ਕਮਰਿਆਂ ਅੰਦਰ,
ਪਤਾ ਲਗਦਾ ਵਤਨ ਖਾਤਰ, ਅਗਰ ਕੁਰਬਾਨੀਆਂ ਕਰਦੇ।

ਇਹ ਚਿੱਟੇ ਚੋਗਿਆਂ ਵਾਲੇ, ਜੋ ਮੱਤਾਂ ਦੇ ਰਹੇ ਸਾਨੂੰ,
ਇਨ੍ਹਾਂ ਦੀ ਉਮਰ ਹੀ ਲੰਘੀ ਹੈ ਨਾ-ਫੁਰਮਾਨੀਆਂ ਕਰਦੇ।

ਕਿਸੇ ਦੇ ਮਰਨ ਦੇ ਉੱਤੇ, ਮਿਲੂ ਸ਼ਮਸ਼ਾਨ ਦਾ ਖਰਚਾ,
ਇਹ ਸਾਡੇ ਸ਼ਹਿਰ ਦੇ ਹਾਕਮ, ਕਿਵੇਂ ਬਚਕਾਨੀਆਂ ਕਰਦੇ।

ਇਨ੍ਹਾਂ ਦਾਨਿਸ਼ਵਰਾਂ ਦੀ ਮੈਂ ਸੁਣੀ ਹੈ ਗੁਫ਼ਤਗੂ ਜਦ ਵੀ,
ਛੁਪਾ ਕੇ ਆਪਣੇ ਘਰ ਦੀ, ਸਦਾ ਬੇਗਾਨੀਆਂ ਕਰਦੇ।

ਸਮੈਕਾਂ, ਫੀਮ, ਡੋਡੇ,ਭੰਗ ਤੇ ਚੋਰੀ ਡਕੈਤੀ ਵੀ,
ਕਿ ਹੁਣ ਪੰਜਾਬ ਦੇ ਪੁੱਤਰ, ਇਹੀ ਕਿਰਸਾਨੀਆਂ ਕਰਦੇ

ਪੈਰਾਂ 'ਚ ਤਾਲ ਭਰਕੇ, ਸਰਗਮ ਉਡੀਕਦਾ ਹੈ।
ਤੇਰੀ ਹੀ ਦੀਦ ਨੂੰ ਉਹ, ਹਰਦਮ ਉਡੀਕਦਾ ਹੈ।

ਦਿਲ ਦਾ ਮਲੂਕ ਪੰਛੀ, ਬੈਠਾ ਹੈ ਚੁਪ ਚੁਪੀਤਾ,
ਜ਼ਖਮੀਂ ਪਰਾਂ ਦੀ ਖ਼ਾਤਿਰ, ਮਰਹਮ ਉਡੀਕਦਾ ਹੈ।

ਉਹ ਟੁੱਟਿਆ ਨਾ ਹਾਲੇ, ਏਨੇ ਫ਼ਰੇਬ ਖਾ ਕੇ,
ਜੂਝਣ ਲਈ ਦੁਬਾਰਾ, ਦਮਖ਼ਮ ਉਡੀਕਦਾ ਹੈ।

ਮਿੱਟੀ 'ਚ, ਮਿਲ ਗਿਆ ਜੋ, ਉਸਨੇ ਵੀ ਮੌਲ ਪੈਣਾ,
ਉਹ ਬੀਅ ਬਹਾਰ ਦਾ ਬਸ ਮੌਸਮ ਉੱਡੀਕਦਾ ਹੈ।

ਅੱਲਾ ਤੇ ਰਾਮ ਉਸ ਨੇ ਦੋਨੋ ਨਰਾਜ਼ ਕਰਨੇ,
ਗੰਗਾ ਦੇ ਨਾਲ ਜਿਹੜਾ, ਜ਼ਮਜ਼ਮ ਉਡੀਕਦਾ ਹੈ।

ਰਾਤੀਂ ਜੋ ਪੀ ਗਿਆ ਸੀ, ਸਾਗਰ ਨੂੰ ਡੀਕ ਲਾ ਕੇ,
ਸੁਬਹਾ ਨੂੰ ਚਾਰ ਬੂੰਦਾਂ, ਸ਼ਬਨਮ ਉਡੀਕਦਾ ਹੈ।

ਇਕ ਬਾਵਰਾ ਬਬੀਹਾ ਤਰਲੇ ਖ਼ੁਦਾ ਦੇ ਪਾ ਕੇ,
ਔੜਾਂ ਦੇ ਵਕਤ ਬਰਖਾ ਛਮ ਛਮ ਉਡੀਕਦਾ ਹੈ।

ਉਸ ਤੋਂ ਅਸੀਂ ਹਾਂ ਹਾਰੇ, ਉਸ ਨੂੰ ਨਹੀ ਤਸੱਲੀ,
ਦਿਲ ਤੇ ਝੁਲਾਉਣ ਖਾਤਿਰ ਪਰਚਮ ਉਡੀਕਦਾ ਹੈ।

ਸਫ਼ਲੀ ਉਡੀਕ ਹੋਈ, ਮਿਲਿਆ ਹੈ ਇਕ ਸੁਨੇਹਾ,
ਐ ਰਾਜ ਓਸ ਪਾਸੇ ਮਹਿਰਮ ਉਡੀਕਦਾ ਹੈ।



ਮੁਹੱਬਤ ਦੀ ਕਹਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।
ਖਿੜੀ ਰਾਤਾਂ ਦੀ ਰਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਸੁਕਾ ਦਿੱਤਾ ਸਮੁੰਦਰ ਨੂੰ, ਵਹਾ ਕੇ ਹੰਝੂਆਂ ਰਾਹੀਂ,
ਇਨ੍ਹਾਂ ਅਖੀਆਂ ਦੇ ਪਾਣੀ ਨੇ,ਕਿਨਾਰਾ ਕਰ ਲਿਆ ਸਾਥੋਂ।

ਲਬਾਂ ਤੇ ਗੀਤ ਨਾ ਕੋਈ, ਕਦੇ ਹਾਸਾ ਨਹੀ ਆਉਂਦਾ,
ਹਰਿਕ ਆਦਤ ਪੁਰਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਅਜੇ ਤਾਂ ਲਾਡ ਕਰਨੇ ਸੀ, ਅਜੇ ਰੋਂਦੀ ਵਰ੍ਹਾਉਣੀ ਸੀ,
ਅਸਾਡੀ ਰੀਝ ਇਆਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਅਸੀਂ ਐਵੇਂ ਗਵਾ ਬੈਠੇ, ਸਮਾਂ ਰੋਕੇ ਨਹੀ ਰੁਕਿਆ,
ਕਿਸੇ ਬਚਪਨ ਦੇ ਹਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਫਿਰੇ ਹੁਣ ਓਪਰੀ ਬਣ ਕੇ, ਅਸੀਂ ਆਪੇ ਰਚੀ ਸੀ ਜੋ,
ਗ਼ਜ਼ਲ ਜਾਣੀ ਪਛਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਸੁਜਾਗੇ ਰਾਤ ਹਾਂ ਕਟਦੇ, ਚਿਰਾਂ ਤੋਂ ਸਿਲਸਿਲਾ ਏਹੋ,
ਇਵੇਂ ਨੀਂਦਰ ਨਿਮਾਣੀ ਨੇ, ਕਿਨਾਰਾ ਕਰ ਲਿਆ ਸਾਥੋਂ।

ਛੱਤ ਵਿਹੂਣੇ ਘਰ ਦੇ ਉੱਪਰ ਫੇਰ ਘਟਾਵਾਂ ਘਣੀਆਂ ਨੇ।
ਮੇਰੀ ਖੁਰਦੀ ਕਾਇਆਂ ਉੱਤੇ, ਫਿਰ ਤੋਂ ਭੀੜਾਂ ਬਣੀਆਂ ਨੇ।

ਡੰਗ ਨਸ਼ੀਲਾ ਇਹਨਾਂ ਦਾ, ਤੇ ਉਮਰਾ ਲੰਮੀ ਸਦੀਆਂ ਤੋਂ,
ਗ਼ਮ ਹੀ ਬਣ ਕੇ ਨਾਗ ਮਿਲੇ, 'ਤੇ ਨਾਗਾਂ ਮੱਥੇ ਮਣੀਆਂ ਨੇ।

ਸੱਚ ਨੂੰ ਅਪਣਾ ਕਵਚ ਬਣਾ ਕੇ ਮੈਂ ਹੁਣ ਜਾਵਾਂ ਕਿੱਧਰ ਨੂੰ,
ਏਧਰ ਸੂਲੀ ਆਪ ਉਡੀਕੇ, ਓਧਰ ਤੇਗਾਂ ਤਣੀਆਂ ਨੇ।

ਰੰਗ ਸ਼ੁਆਵਾਂ ਦੇ ਪੁਣ ਪੁਣ ਕੇ, ਪੀਂਘ ਝੁਟਾਵਣ ਧਰਤੀ ਨੂੰ,
ਨੀਰ ਦੀਆਂ ਕੁਛ ਬੂੰਦਾਂ ਨੇ ਹੁਣ ਏਦਾਂ ਧੁੱਪਾਂ ਛਣੀਆਂ ਨੇ।

ਬਾਂਝ ਨਹੀ ਹੈ ਸੋਚ ਮੇਰੀ, ਇਹ ਧਾਰੇ ਗਰਭ ਕਲਾਪੇ ਤੋਂ,
ਤੂੰ ਕੀ ਜਾਣੇ ਫੁੱਲਾਂ ਜਿਹੀਆਂ ਮੈਂ ਕਵਿਤਾਵਾਂ ਜਣੀਆਂ ਨੇ।

ਸੀਨੇ ਦੇ ਵਿਚ ਤਪਸ਼ ਦਬਾ ਕੇ ਥਲ ਦੀ ਜੂਨ ਹੰਢਾਈ ਮੈਂ.
ਤੂੰ ਆਇਆਂ ਤਾਂ ਜੀਕਣ ਪਈਆਂ ਤਪਦੇ ਥਲ ਤੇ ਕਣੀਆਂ ਨੇ।



ਫਿਜ਼ਾ ਵਿਚ ਜ਼ਲਜਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।
ਕਜ਼ਾ ਦੇ ਸਿਲਸਿਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਭੁਲੇਖੇ ਖਾ ਰਹੇ ਰਾਹੀ, ਅਜੇ ਮੰਜ਼ਲ ਨਹੀ ਨੇੜੇ,
ਸਫ਼ਰ ਦੇ ਮਰਹਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਕੀ ਲੈਣੀ ਸਾਰ ਲੋਕਾਂ ਦੀ, ਭਲਾ ਬੇਬਸ ਮਸੀਹੇ ਨੇ,
ਦਿਲਾਂ ਵਿਚ ਵਲਵਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਨਦੀ ਦਾ ਨੀਰ ਬਾਗੀ ਹੈ, ਵਤਨ ਦੀ ਹੱਦ ਨੂੰ ਟੱਪੇ,
ਵਹਾਅ ਵਿਚ ਹੌਂਸਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਵਫਾਵਾਂ ਦਾ ਸਿਲਾ ਸਭ ਨੂੰ, ਵਫਾਵਾਂ ਹੀ ਨਹੀ ਮਿਲਦਾ,
ਵਧਾ ਕੇ ਫਾਸਲੇ ਏਨੇਂ, ਕਰੇ ਤਾਂ ਕੀ ਕਰੇ ਕੋਈ।

ਬਹਾਨਾ ਲਾ ਕੇ ਨ੍ਹੇਰੀ ਦਾ, ਪਰਿੰਦੇ ਉੱਡਣੋਂ ਮੁਕਰੇ,
ਕਿ ਹੋਏ ਮਨਚਲੇ ਏਨੇ, ਕਰੇ ਤਾਂ ਕੀ ਕਰੇ ਕੋਈ।

ਬਣਾ ਕੇ ਤਖ਼ਤ ਚੰਦਨ ਦਾ, ਦੁਆਲੇ ਨਾਗ ਲਿਪਟਾਏ,
ਸੁਭਾਅ ਦੇ ਦੋਗਲੇ ਏਨੇਂ, ਕਰੇ ਤਾਂ ਕੀ ਕਰੇ ਕੋਈ ।

ਧਮਕ ਸੁਣ ਪੈਰ ਦੀ ਹੀ 'ਰਾਜ',ਹੁਣ ਲੋਕੀ ਤਬਕ ਜਾਂਦੇ,
ਮਨਾਂ ਵਿਚ ਤੌਖ਼ਲੇ ਏਨੇ, ਕਰੇ ਤਾਂ ਕੀ ਕਰੇ ਕੋਈ।

✪

ਸੋਚਿਆ ਨਾ ਓਸ ਪਹਿਲਾਂ, ਜ਼ੁਲਮ ਏਨਾਂ ਕਰਦਿਆਂ।
ਜ਼ਿੰਦਗੀ ਬੀਤੇਗੀ ਮੁੜਕੇ ਝੋਰਿਆਂ ਵਿਚ ਮਰਦਿਆਂ।

ਇਹ ਕਿਨਾਰਾ ਛੱਡਿਆ ਸੀ ਉਸ ਕਿਨਾਰੇ ਜਾਣ ਨੂੰ,
ਲੰਘ ਚੱਲੀ ਉਮਰ ਸਾਰੀ ਵਿਚ ਵਿਚਾਲੇ ਤਰਦਿਆਂ।

ਯਾਰ ਤੇਰੀ ਬਰਫ਼ ਵਰਗੀ ਸੀਤ ਠੰਡੀ ਹੈ ਨਜ਼ਰ,
ਕੱਟਣੇ ਪੈਣੇ ਨੇ ਹੁਣ ਦਿਨ ਰਾਤ ਸਾਨੂੰ ਠਰਦਿਆਂ।

ਹੱਸ ਕੇ ਮਾਰੀ ਨਦੀ ਨੇ ਢਾਹ ਜਦੋਂ ਹਲਕੀ ਜਿਹੀ,
ਫੇਰ ਬਸ ਦੋ ਪਲ ਹੀ ਲੱਗੇ ਨੇ ਕਿਨਾਰੇ ਖੁਰਦਿਆਂ।

ਨਾ ਝੁਕੇ ਪਹਿਲਾਂ ਕਦੀ ਤੇ ਨਾ ਝੁਕਾਂਗੇ ਹੁਣ ਅਸੀਂ,
ਮੌਤ ਹੈ ਪਰਵਾਨ ਸਾਨੂੰ ਵਾਰ ਤੇਰੇ ਜਰਦਿਆਂ।

ਓਸ ਦੇ ਰਾਹਾਂ 'ਚ ਐਵੇਂ ਤੂੰ ਵਿਛਾ ਬੈਠੀਂ ਨਾ ਦਿਲ,
ਉਸ ਰਤਾ ਨਾ ਸੋਚਣਾ ਹੈ ਪੈਰ ਦਿਲ ਤੇ ਧਰਦਿਆਂ।

ਓਸ ਨੇ ਭਰਮਾ ਲਿਆ, ਲੋਕਾਂ ਨੂੰ ਪਿੱਛੇ ਲਾ ਲਿਆ,
ਰਾਜ ਠੁਕਰਾਇਆ ਸੀ ਜਿਸ ਨੂੰ ਆਪਣੇ ਹੀ ਘਰ ਦਿਆਂ।



✪

ਚਿਰ ਵਿਛੁੰਨੇ ਸੱਜਣਾਂ ਨੂੰ ਉਹ ਵਿਸਾਰੇ ਕਿਸ ਤਰਾਂ।
ਪੱਥਰਾਂ ਤੋਂ ਸ਼ੀਸ਼ਿਆਂ ਦੇ ਰਿਣ ਉਤਾਰੇ ਕਿਸ ਤਰਾਂ।

ਭਲ਼ਕ ਨੂੰ ਮਹਿਬੂਬ ਨੇ ਆਉਣਾ ਸਵੇਰੇ ਸਾਝਰੇ,
ਰਾਤ ਸਾਰੀ ਅੱਜ ਦੀ ਉਹ ਪਰ ਗੁਜ਼ਾਰੇ ਕਿਸ ਤਰਾਂ।

ਦੇਖ ਕੇ ਹੈਰਾਨ ਹੋਇਆ, ਖ਼ੁਦ ਮਲਾਹ ਇਹ ਪੁੱਛਦੈ?
ਡੋਬਿਆ ਤੈਨੂੰ ਵਿਚਾਲੇ, ਤੂੰ ਕਿਨਾਰੇ ਕਿਸ ਤਰਾਂ?

ਦੇਖਿਆ ਹੈ ਸੁਰਗ ਦੇ ਵਿਚ ਆਪਣਾ ਕਾਤਲ ਅਸੀਂ,
ਉਹ ਚਤਰ ਝੁਠਲਾ ਗਿਆ ਹੈ ਵੇਦ ਚਾਰੇ ਕਿਸ ਤਰਾਂ।

ਰੁੱਖ ਵਢਦਾ ਥੱਕਿਆ ਜਦ, ਛਾਂ ਫਿਰੇ ਉਹ ਟੋਲਦਾ,
ਬੇਖ਼ਬਰ ਹੁਣ ਕਾਲ਼ ਦੇ ਸਮਝੇ ਇਸ਼ਾਰੇ ਕਿਸ ਤਰਾਂ।

ਅੱਗ ਵਰਗੇ ਮੈਂ ਲਿਖੇ ਸੀ, ਕਿਸ ਤਰ੍ਹਾਂ ਉਹ ਗਾ ਗਿਆ,
ਤਪਦਿਆਂ ਗੀਤਾਂ ਦੇ ਮੁਖੜੇ, ਓਸ ਠ੍ਹਾਰੇ ਕਿਸ ਤਰਾਂ।

ਟੁਟਦਿਆਂ ਹੀ ਤੱਕਿਆ ਜਦ ਵੀ ਉਠਾਈ ਹੈ ਨਜ਼ਰ,
ਰਾਜ' ਤੇਰੇ ਸ਼ਹਿਰ ਦੇ ਚੜ੍ਹਦੇ ਸਿਤਾਰੇ ਕਿਸ ਤਰਾਂ।

ਜ਼ਿੰਦਗੀ ਦਾ ਭਰ ਕਲ਼ਾਵਾ, ਮੌਤ ਹੈ ਮੁਸਕਾ ਰਹੀ।
ਪਰ ਤਮੰਨਾ ਜੀਣ ਦੀ ਤਾਂ, ਹੋਰ ਵਧਦੀ ਜਾ ਰਹੀ।

ਡੁੱਬਦੇ ਸੂਰਜ ਨੇ ਇਸ ਦੇ ਕੰਨ ਵਿਚ ਕੀ ਆਖਿਆ,
ਨ੍ਹੇਰਿਆਂ ਨੂੰ ਓੜ ਕੇ ਵੀ ਰਾਤ ਹੈ ਸ਼ਰਮਾ ਰਹੀ।

ਕਿਸ ਨੇ ਏਥੋਂ ਲੰਘਣਾ, ਕਿਸ ਦਾ ਕਰੇਂਦੀ ਇੰਤਜ਼ਾਰ,
ਰਸਤਿਆਂ ਨੂੰ ਦੂਰ ਤੀਕਰ ਇਹ ਹਵਾ ਮਹਿਕਾ ਰਹੀ।

ਜਿੱਤਣੀ ਉਸਦੀ ਮੁਹੱਬਤ, ਜੀਅ ਰਿਹਾਂ ਇਹ ਸੋਚਕੇ,
ਪਰ ਜੁਦਾਈ ਰੋਜ਼ ਮੈਂਨੂੰ, ਰੱਜ ਕੇ ਤੜਪਾ ਰਹੀ।

ਗੁਰਬਤਾਂ ਦੀ ਝੀਤ ਚੋਂ ਮੰਜ਼ਰ ਦਿਸੇ ਹੈਰਾਨਕੁਨ,
ਮਾਂ ਨਿਚੋੜੇ ਜਿਸਮ ਅਪਣਾ, ਬਾਲ ਦੇ ਮੂੰਹ ਪਾ ਰਹੀ।

ਇਸ ਤਰਾਂ ਕੁਛ ਤਲਖੀਆਂ ਦੇ ਨਾਲ ਸਾਰੇ ਭਰ ਗਏ,
ਜਾਪਦੈ ਦੁਨੀਆਂ ਕਿਸੇ ਫਿਟਕਾਰ ਨੂੰ ਹੰਢਾ ਰਹੀ।

ਆਪ ਓਥੇ ਹੀ ਖੜ੍ਹੀ, ਕਰਦੀ ਕਿਸੇ ਦਾ ਇੰਤਜ਼ਾਰ,
ਹਰ ਮੁਸਾਫਿਰ ਨੂੰ ਘਰੋ ਘਰ ਜੋ ਡਗਰ ਪਹੁੰਚਾ ਰਹੀ।



ਹਰਫ਼ ਕੁਛ ਮੋਤੀਆਂ ਵਰਗੇ, ਇਹ ਝੋਲੀ ਪਾਉਣ ਰਾਗਣੀਆਂ।
ਗ਼ਜ਼ਲ ਦਾ ਰੂਪ ਧਰ ਧਰ ਕੇ, ਮੇਰੇ ਦਰ ਆਉਣ ਰਾਗਣੀਆਂ।

ਮੇਰੇ ਸ਼ਬਦਾਂ 'ਚ ਜਦ ਕਿਧਰੇ ਮਚਲਦੀ ਵੇਦਨਾ ਦੇਖਣ,
ਮੇਰੇ ਬੋਲਾਂ ਨੂੰ ਸੀਨੇ ਨਾਲ ਫਿਰ ਇਹ ਲਾਉਣ ਰਾਗਣੀਆਂ।

ਇਨ੍ਹਾਂ ਤੋਂ ਸਿੱਖਣਾ ਹਾਲੇ ਤਾਂ ਮੈਂ ਵਿਸਮਾਦਲਾ ਮੰਤਰ,
ਗਮਾਂ ਦੇ ਕਾਫਿਲੇ ਵਾਪਸ ਕਿਵੇਂ ਪਰਤਾਉਣ ਰਾਗਣੀਆਂ।

ਮੇਰੇ ਗੀਤਾਂ 'ਚੋਂ ਡੁਲ੍ਹਦਾ ਹੈ, ਹਮੇਸ਼ਾ ਰਾਗ ਹੀ ਕੋਈ,
ਲਿਹਾਜ਼ਾ ਨਾਲ ਹੀ ਮੇਰੇ, ਹਮੇਸ਼ਾ ਗਾਉਣ ਰਾਗਣੀਆਂ।

ਇਹ ਮੇਰੇ ਇਸ਼ਕ ਨੂੰ ਆਈਆਂ, ਨੇ ਦੇਵਣ ਤਾਲ ਹੁਸਨਾਂ ਦੀ,
ਪਤਾ ਨਈਂ ਨਾਚ ਮੇਰੇ ਤੋਂ, ਕਿਹੜਾ ਨਚਵਾਉਣ ਰਾਗਣੀਆਂ।

ਮੈਂ ਉਸ ਨੂੰ ਯਾਦ ਕਰਕੇ ਜਦ ਕਦੇ ਵੀ ਮੁਸਕੁਰਾਵਾਂ ਰਾਜ,
ਇਹ ਮੇਰੇ ਨਾਲ ਰਲ਼ ਕੇ ਹੀ, ਉਦੋਂ ਮੁਸਕਾਉਣ ਰਾਗਣੀਆਂ।

✪

ਜੰਗਲ ‘ਚ ਵਾਸ ਕਰਦੇ, ਕੁਛ ਅਜ਼ਨਬੀ ਪਰਿੰਦੇ।
ਸ਼ਹਿਰਾਂ ਤੋਂ ਬਹੁਤ ਡਰਦੇ, ਕੁਛ ਅਜ਼ਨਬੀ ਪਰਿੰਦੇ।

ਅੰਗਾਰ ਰਹਿਣ ਝੜਦੇ, ਇਹਨਾਂ ਦਿਆਂ ਪਰ੍ਹਾਂ ਚੋਂ,
ਜਦ ਵੀ ਉਡਾਨ ਭਰਦੇ, ਕੁਛ ਅਜ਼ਨਬੀ ਪਰਿੰਦੇ।

ਜਦ ਚੋਗ ਕੰਕਰਾਂ ਦਾ, ਚੁਗਦੇ ਥਲਾਂ ਦੇ ਵਿੱਚੋਂ,
ਪੱਥਰ ਦਿਲਾਂ ਤੇ ਧਰਦੇ, ਕੁਛ ਅਜ਼ਨਬੀ ਪਰਿੰਦੇ।

ਧਰਤੀ ਅਕਾਸ਼ ‘ਚੋਂ ਜਦ, ਲੱਭੇ ਨਾ ਹਸ਼ਰ ਅਪਣਾ,
ਦਰਿਆ ਲਹੂ ਦਾ ਤਰਦੇ, ਕੁਛ ਅਜ਼ਨਬੀ ਪਰਿੰਦੇ।

ਆਉਂਦਾ ਹੈ ਪੋਹ ਮਹੀਨੇ, ਇਹਨਾਂ ਨੂੰ ਰੋਜ਼ ਮੁੜ੍ਹਕਾ,
ਹਾੜਾਂ ‘ਚ ਰਹਿਣ ਠਰਦੇ, ਕੁਛ ਅਜ਼ਨਬੀ ਪਰਿੰਦੇ।

ਵਾਰੀ ਦੇ ਨਾਲ ਜਾ ਕੇ, ਸਜਦੇ ਨੇ ਅੰਬਰਾਂ ਵਿਚ,
ਤਾਰੇ ਦੀ ਮੌਤ ਮਰਦੇ, ਕੁਛ ਅਜ਼ਨਬੀ ਪਰਿੰਦੇ।



✪

ਚੁਪ ਚੁਪੀਤੇ ਧਰਤ ਜਿਹੜੀ ਰੋਜ਼ ਸੜਦੀ ਜਾ ਰਹੀ।
ਧੁੱਪ ਅੰਦਰ ਹੌਸਲੇ ਵੀ ਹੋਰ ਭਰਦੀ ਜਾ ਰਹੀ।

ਖ਼ੁਸ਼ਕ ਅੱਖਾਂ ਨਾਲ ਹੀ ਉਹ ਦਿਲਬਰੀ ਹੈ ਦੇ ਰਿਹਾ,
ਹੁਣ ਨਮੀਂ ਨੈਣਾਂ ‘ਚੋਂ ਉਸ ਦੇ ਕਿਉਂ ਹੈ ਮਰਦੀ ਜਾ ਰਹੀ।

ਦੋਸਤਾਂ ਦੀ ਦੋਸਤੀ ਤਾਂ ਰਹਿ ਗਈ ਹੈ ਪਛੜ ਕੇ,
ਦੁਸ਼ਮਣਾਂ ਦੀ ਦੁਸ਼ਮਣੀ ਰਫ਼ਤਾਰ ਫੜਦੀ ਜਾ ਰਹੀ।

ਪੌਣ ਨੂੰ ਇਹ ਰੌਸ਼ਨੀ ਦਾ ਹੇਜ਼ ਕਿੱਥੋਂ ਆ ਗਿਆ,
ਦੀਵਿਆਂ ਨੂੰ ਆਪ ਹੀ ਪੁਰਨੂਰ ਕਰਦੀ ਜਾ ਰਹੀ।

ਕਾਂ ਬਨੇਰੇ ਬੋਲਦਾ ਹੈ, ਰਾਜ ਕਿਹੜਾ ਆ ਰਿਹੈ ?
ਦੂਰ ਤਕ ਉਸ ਦੀ ਨਜ਼ਰ ਰਾਹਾਂ ‘ਚ ਤਰਦੀ ਜਾ ਰਹੀ।

✪

ਜਿੰਨੇ ਸਵਾਸ ਬਾਕੀ, ਉਸ ਦੀ ਹੀ ਆਸ ਬਾਕੀ।
ਉਸ ਤੋਂ ਬਿਨਾਂ ਤਮੰਨਾਂ ਮੇਰੀ ਨਾ ਖਾਸ ਬਾਕੀ।

ਦਿਲ ਵਿੱਚ ਤਾਂ ਸਮੁੰਦਰ ਹੈ ਮਾਰਦਾ ਉਛਾਲੇ,
ਪਰ ਬੁੱਲ੍ਹੀਆਂ ਤੇ ਮੇਰੇ, ਹਾਲੇ ਵੀ ਪਿਆਸ ਬਾਕੀ।

ਮੈ ਹਾਂ ਬਿਮਾਰ ਤੇਰਾ, ਜੀਣਾ ਵੀ ਲੋੜਦਾ ਹਾਂ,
ਥੋੜੇ ਕੁ ਛੱਡ ਜਾਹ ਹੁਣ, ਹੋਸ਼ੋ ਹਵਾਸ ਬਾਕੀ।

ਉਹ ਆਖਦਾ ਹੈ ਭਾਵੇਂ, ਉਸ ਨੂੰ ਗਿਲਾ ਨਹੀਂ ਹੈ,
ਬੋਲਾਂ 'ਚ ਭਾਸਦੀ ਹੈ, ਉਸ ਦੇ ਖਟਾਸ ਬਾਕੀ।

ਅਰਥੀ ਜਦੋਂ ਸੀ ਮੇਰੀ, ਗੁਜ਼ਰੀ ਉਹਦੇ ਦਰਾਂ ਤੋਂ,
ਚਿਹਰੇ ਤੇ ਦਿਸ ਰਿਹਾ ਸੀ ਉਸ ਦੇ ਹੁਲਾਸ ਬਾਕੀ।

ਉਸ ਖੁਸ਼ਨਸੀਬ ਨੂੰ ਤਾਂ, ਦਿਲਦਾਰ ਮਿਲ ਗਿਆ ਹੈ,
ਤੇ 'ਰਾਜ' ਭਟਕਦਾ ਹੈ ਹਾਲੇ ਉਦਾਸ ਬਾਕੀ।



✪

ਦਿਲ ਵਿਚ ਸਦਾ ਹੀ ਰਹਿਣਾ, ਏਹੋ ਮਲਾਲ ਸਾਡੇ,
ਅਪਣੇ ਹੀ ਤੁਰ ਸਕੇ ਨਾ ਸਹਿਰਾ 'ਚ ਨਾਲ ਸਾਡੇ।

ਸੂਲੀ ਤੋਂ ਲਾਹ ਕੇ ਸੁਪਨਾ, ਕਰਕੇ ਸਜੀਵ ਰਹਿਣਾ,
ਪਰਖੀਂ ਨਾ ਜ਼ਬਤ ਸਾਡਾ, ਦੇਖੀਂ ਕਮਾਲ ਸਾਡੇ।

ਮੱਥੇ ਦਾ ਬਾਲ਼ ਦੀਵਾ, ਕਰਨੀ ਹੈ ਰਾਤ ਰੌਸ਼ਨ,
ਕੀ ਹੋ ਗਿਆ ਜੇ ਹੋਏ, ਤਾਰੇ ਹਲਾਲ ਸਾਡੇ।

ਇਹ ਧੜਕਣਾਂ ਦੇ ਵਿੱਚੋਂ ਇਕ ਹੋਰ ਸ਼ੋਰ ਸੁਣਦਾ,
ਉਸ ਦੇ ਹੀ ਯਾਦ ਪਾਉਂਦੀ ਅੰਦਰ ਧਮਾਲ ਸਾਡੇ।

ਸੋਨੇ ਦਾ ਸ਼ਹਿਰ ਉਸ ਨੂੰ ਲਗਦਾ ਹੈ ਜ਼ਹਿਰ ਵਰਗਾ,
ਜਦ ਹਉਕਿਆਂ 'ਚ ਲਿਪਟੇ ਆਉਂਦੇ ਖਿਆਲ ਸਾਡੇ।

ਲੈ ਕੇ ਜਵਾਬ ਆਵੇ, ਆਉਣਾ ਹੈ ਉਸ ਨੇ ਜੇਕਰ,
ਪੌਣਾਂ 'ਚ ਭਟਕਦੇ ਨੇ ਸਾਰੇ ਸਵਾਲ ਸਾਡੇ।

ਦਿਲ ਨੂੰ ਦੁਖਾਉਣ ਦਾ ਉਹ, ਮੌਕਾ ਨਹੀ ਗਵਾਉਂਦਾ,
ਜਖਮਾਂ ਨੂੰ ਛੇੜ ਕੇ ਹੀ, ਪੁੱਛਦਾ ਹਵਾਲ ਸਾਡੇ।

ਐ 'ਰਾਜ' ਯਾਰ ਸਾਡਾ ਹੁਣ ਹੋਰ ਹੋ ਗਿਆ ਹੈ,
ਲੇਖਾਂ 'ਚ ਹੀ ਨਾ ਲਿਖਿਆ, ਸ਼ਾਇਦ ਵਿਸਾਲ ਸਾਡੇ।

ਇੰਝ ਸਫਿਆਂ ਕੋਰਿਆਂ ਤੇ, ਛਾ ਗਏ ਖਾਮੋਸ਼ ਨਗਮੇ।
ਨਾ-ਸਮਝ ਮੇਰੀ ਕਲਮ ਨੂੰ, ਭਾ ਗਏ ਖਾਮੋਸ਼ ਨਗਮੇ।

ਬੋਲਿਆਂ ਬਿਨ ਯਾਰੜੇ ਨੂੰ, ਆਖ ਦਿੱਤੀ ਗੱਲ ਦਿਲ ਦੀ,
ਅੱਖ ਨੂੰ ਰਮਜਾਂ ਦਾ ਵਲ ਸਮਝਾ ਗਏ ਖਾਮੋਸ਼ ਨਗਮੇ।

ਬੇਸੁਰਾ ਹਰਗਿਜ਼ ਨਹੀ ਮੈਂ, ਬੇਸੁਰਾ ਕਿਉਂ ਆਖਦੇ ਹੋ,
ਸੁਰ ਸਜਾ ਮੈਨੂੰ ਜੁ ਗਾਉਣੇ ਆ ਗਏ ਖਾਮੋਸ਼ ਨਗਮੇਂ।

ਇਹ ਹਕੀਕੀ ਤੇ ਮਜਾਜ਼ੀ, ਇਸ਼ਕ ਭਰਦਾ ਏ ਗਵਾਹੀ,
ਪਾਰ ਡੁਬਦੇ ਆਸ਼ਕਾਂ ਨੂੰ, ਲਾ ਗਏ ਖਾਮੋਸ਼ ਨਗਮੇਂ।

ਟੋਲ਼ਦਾ ਜਿਸ ਨੂੰ ਰਿਹਾ ਮੈਂ, ਆਲ ਤੇ ਪਾਤਾਲ ਦੇ ਵਿਚ,
ਆਪਣੇ ਵਿੱਚੋਂ ਹੀ ਉਸ ਨੂੰ ਪਾ ਗਏ ਖਾਮੋਸ਼ ਨਗਮੇਂ।

ਕੂੜ ਦੀ ਇਸ ਧੁੰਦ ਅੰਦਰ, ਜਦ ਕਿਤੇ ਲੱਭਾ ਨਾ ਰਸਤਾ,
ਹੱਥ ਫੜ ਰਾਹ ਜ਼ਿੰਦਗੀ ਦੇ, ਪਾ ਗਏ ਖਾਮੋਸ਼ ਨਗਮੇਂ।



ਗਲ਼ ਨੂੰ ਲਗਾ ਕੇ ਗਲੀਆਂ, ਦਰ ਨੂੰ ਸਲਾਮ ਕੀਤਾ।
ਜਦ ਵੀ ਮੈਂ ਸ਼ਹਿਰ ਉਸ ਦੇ, ਜਾ ਕੇ ਮੁਕਾਮ ਕੀਤਾ।

ਅਪਣੇ ਨਸੀਬ ਦੇ ਵਿਚ ਭਟਕਣ ਅਸੀਂ ਲਿਖਾਈ,
ਕਦ ਹੜ੍ਹ ਦੇ ਪਾਣੀਆਂ ਨੇ ਖੜ੍ਹ ਕੇ ਅਰਾਮ ਕੀਤਾ।

ਪੜ੍ਹਿਆ ਰਕੀਬ ਦਾ ਖ਼ਤ ਸਾਡੇ ਹੀ ਕੋਲ ਖੜ੍ਹ ਕੇ,
ਸਾਡੀ ਤੜਪ ਦਾ ਉਸ ਨੇ ਹਰ ਇੰਤਜ਼ਾਮ ਕੀਤਾ।

ਦੇਖਣ ਲਈ ਦੁਬਾਰਾ, ਸਾਕੀ ਉਹ ਖ਼ੂਬਸੂਰਤ,
ਇਕ ਡੀਕ ਵਿਚ ਮੁਕਾਇਆ, ਖਾਲੀ ਮੈਂ ਜਾਮ ਕੀਤਾ।

ਇਹ ਦੰਗ ਹੈ ਜ਼ਮਾਨਾ ਉਸ ਦੇ ਤਲਿਸਮ ਉੱਤੇ,
ਜਿਸ ਤੇ ਨਿਗ੍ਹਾ ਹੈ ਪਾਈ, ਉਸ ਨੂੰ ਗੁਲਾਮ ਕੀਤਾ।

ਲੋਕਾਂ ਤੇ ਰਾਜ ਕਰਦਾ, ਲੋਕਾਂ ਤੇ ਰਾਜ ਕਹਿ ਕੇ,
ਕੁਛ ਇਸ ਤਰਾਂ ਬਦਲ ਕੇ ਉਸ ਨੇ ਨਿਜ਼ਾਮ ਕੀਤਾ।

ਹੱਥੀਂ ਕਟਾਰ ਉਸ ਦੇ, ਹੋਠਾਂ ਤੇ ਮੁਸਕੜੀ ਹੈ।
ਇਹ ਹੈ ਰਫੀਕ ਮੇਰਾ ਜਾਂ ਫੇਰ ਅਜ਼ਨਬੀ ਹੈ।

ਉਹ ਬੇਵਫ਼ਾ ਕਦੇ ਵੀ ਇਸ 'ਚੋਂ ਨਾ ਲੰਘ ਸਕਿਆ,
ਇਹ ਇਸ਼ਕ ਦੀ ਗਲੀ ਹੀ ਦੁਰਗਮ ਤੇ ਸੰਕਰੀ ਹੈ।

ਖ਼ੁਸ਼ੀਆਂ ਨੂੰ ਢਕ ਲਵੋ ਹੁਣ, ਚੁਪ ਚਾਪ ਖ਼ੈਰ ਖ਼ਾਹੋ,
ਹਿਜ਼ਰਾਂ ਦਾ ਨੀਰ ਲੈ ਕੇ ਗ਼ਮ ਦੀ ਘਟਾ ਚੜ੍ਹੀ ਹੈ।

ਈਮਾਨ ਦੇ ਸਫ਼ਰ ਦਾ, ਹੁੰਦਾ ਏ ਹਸ਼ਰ ਏਹੋ,
ਮਿਲਦਾ ਕਜ਼ਾ ਦਾ ਤੁਹਫਾ, ਸੂਲੀ ਜਾਂ ਚਰਖ਼ੜੀ ਹੈ।

ਜਿਉਂਦੇ ਜੀ ਵਿਦਵਤਾ ਤਾਂ ਉਸ ਦੀ ਕਿਸੇ ਨਾ ਮੰਨੀ,
ਬਣਿਆ ਮਜ਼ਾਰ ਉਸ ਦਾ ਹੁਣ ਐਨ ਮਰਮਰੀ ਹੈ।

ਚੋਰਾਂ ਦੇ ਸ਼ਹਿਰ ਆਉਣਾ ਸਾਧਾਂ ਨੂੰ ਹੈ ਵਿਵਰਜਿਤ,
ਆਵੀਂ ਨਾ ਰਾਜ ਏਧਰ, ਚਲਦੀ ਫੜੋ-ਫੜੀ ਹੈ।



ਲੱਗੀ ਹਮੇਸ਼ ਰਹਿੰਦੀ ਜਗ ਤੇ ਚਲੋ ਚਲੀ ਏ।
ਰਖਦੀ ਕਜ਼ਾ ਮਚਾ ਕੇ ਦੁਨੀਆਂ 'ਚ ਖਲਬਲੀ ਏ।

ਬਸ ਉਸ ਦੇ ਜਾਣ ਮਗਰੋਂ ਐਸਾ ਹਨੇਰ ਛਾਇਆ,
ਇਹ ਗ਼ਮ ਦੀ ਰਾਤ ਕਾਲੀ ਮੁੜਕੇ ਨਹੀ ਢਲੀ ਏ।

ਦਿਲ ਬੇ-ਕਰਾਰ ਐਵੇਂ ਮੁੜ ਮੁੜ ਕਰਾਰ ਕਰਦੈ,
ਮਾਸੂਮ ਨੂੰ ਪਤਾ ਨਈਂ, ਹਰ ਦਿਲ 'ਚ ਧਾਂਦਲੀ ਏ।

ਸੁਰ ਦੀ ਨਾ ਸਾਰ ਉਸ ਨੂੰ, ਬਸ ਮਾਰਦਾ ਹੈ ਫੂਕਾਂ,
ਖੰਜ਼ਰ ਦਿਖਾ ਕੇ ਉਸ ਨੇ, ਖੋਹੀ ਜੋ ਵੰਝਲੀ ਏ।

ਮਰਕਜ਼ ਤੋਂ ਭਟਕਿਆਂ ਨੂੰ ਰਸਤੇ ਫਿਰੇ ਦਿਖਾਉਂਦਾ,
ਅਪਣੇ ਹੀ ਘਰ ਦੀ ਲੇਕਿਨ, ਭੁੱਲੀ ਉਹਨੂੰ ਗਲ਼ੀ ਏ।

ਪੱਥਰ ਦੇ ਨਾਲ ਰਹਿ ਕੇ ਹੋਇਆ ਹੈ 'ਰਾਜ' ਪੱਥਰ,
ਉਸ ਚੋਂ ਤਾਂ ਘਟ ਰਹੀ ਹੁਣ ਉਲਫ਼ਤ ਪਲੋ-ਪਲੀ ਏ।

ਆਗਾਜ਼ ਤੋਂ ਹਸ਼ਰ ਤੱਕ, ਕਰਕੇ ਖੁਆਰ ਮੈਨੂੰ।
ਸੂਲੀ ਤੇ ਲਟਕਦੇ ਨੂੰ, ਹੁਣ ਨਾ ਉਤਾਰ ਮੈਨੂੰ।

ਅਪਣਾ ਅਕਾਸ਼ ਸੁੰਨਾਂ, ਮੈਂ ਕਰ ਲਿਆ ਹੈ ਆਪੇ,
ਦਿੰਦੇ ਨੇ ਬਦ-ਅਸੀਸਾਂ ਤਾਰੇ ਹਜ਼ਾਰ ਮੈਨੂੰ।

ਹਾਮੀ ਵਫਾ ਦੀ ਭਰਕੇ, ਰਾਤੀਂ ਜੋ ਸੌਂ ਗਿਆ ਸੀ,
ਉਸ ਨੇ ਦਗ਼ਾ ਸੀ ਦਿੱਤਾ, ਉਠਦੇ ਹੀ ਸਾਰ ਮੈਨੂੰ।

ਦੀਵਾ ਜਗਾ ਰਿਹਾ ਜੋ, ਮੇਰੇ ਮਜ਼ਾਰ ਜਗ੍ਹਾ ਉੱਤੇ,
ਜਿਉਂਦੇ ਨੂੰ ਕਾਸ਼ ਆ ਕੇ, ਲੈਂਦਾ ਪੁਕਾਰ ਮੈਨੂੰ।

ਆਖਰ ਨੂੰ ਜਾ ਕੇ ਉਸ ਨੇ, ਆਪੇ ਕਬੂਲ ਕੀਤਾ,
ਉਸ ਤੋਂ ਕਦੇ ਨਾ ਹੋਣਾ, ਦਿਲ 'ਚੋਂ ਵਿਸਾਰ ਮੈਨੂੰ।

ਇਸ ਤੜਫਣੀ ਦੇ ਅੰਦਰ, ਬੀਤੇ ਨਾ ਰਾਤ ਮੇਰੀ,
ਪਲਕਾਂ ਤੇ ਹੋਂਠ ਰਖਦੇ, ਕਰ ਲੈ ਤੂੰ ਪਿਆਰ ਮੈਨੂੰ।

ਤੇਰੇ ਹੀ ਵਾਂਗ ਤੇਰੇ, ਸ਼ਿਅਰਾਂ 'ਚ ਦਮ ਨਹੀ ਹੈ,
ਅਕਸਰ ਹੀ 'ਰਾਜ' ਲੋਕੀ, ਜਾਂਦੇ ਚਿਤਾਰ ਮੈਨੂੰ।



ਪੀੜਾਂ ਦੀ ਕੈਦ 'ਚੋਂ ਨਾ, ਇਸ ਨੇ ਅਜ਼ਾਦ ਹੋਣਾ।
ਦਿਲ ਬੇ-ਅਬਾਦ ਮੇਰਾ, ਮੁੜ ਨਾ ਅਬਾਦ ਹੋਣਾ।

ਅੰਬਰ 'ਚ ਭਰ ਲਵਾਂ ਮੈ, ਜਾ ਕੇ ਕਿਵੇਂ ਉਡਾਰੀ,
ਮੈਨੂੰ ਡਰਾ ਰਿਹਾ ਹੈ, ਉਸ ਦਾ ਸਯਾਦ ਹੋਣਾ।

ਆਦੀ ਨਸ਼ੇ ਦਾ ਹੋਇਆ, ਫਰਜ਼ੰਦ ਲਾਡਲਾ ਹੁਣ,
ਚੰਗਾ ਹੈ ਏਸ ਨਾਲੋਂ ਤਾਂ ਬੇ-ਉਲਾਦ ਹੋਣਾ।

ਬਹਿ ਕੇ ਮਿਰੇ ਸਿਰ੍ਹਾਣੇ, ਦਿੰਦਾ ਰਿਹਾ ਦਿਲਾਸੇ,
ਉਸ ਦਾ ਤਾਂ ਏਸ ਵਿਚ ਵੀ, ਕੋਈ ਮੁਫ਼ਾਦ ਹੋਣਾ।

ਚੇਤਰ ਦਾ ਲਾ ਕੇ ਲਾਰਾ, ਆਉਣਾ ਜੇ ਪੋਹ ਮਹੀਨੇ,
ਪਤਝੜ ਅਤੇ ਬਹਾਰਾਂ, ਵਿਚ ਹੈ ਫਸਾਦ ਹੋਣਾ।

ਮੈਂ ਉਸ ਦੇ ਸ਼ਹਿਰ ਵਿੱਚੋਂ, ਬਚ ਕੇ ਜੋ ਆ ਗਿਆ ਹਾਂ,
ਮਕਤਲ ਚੋਂ ਗੈਰ-ਹਾਜ਼ਰ, ਸ਼ਾਇਦ ਜਲਾਦ ਹੋਣਾ।

ਤੁਪਕੇ ਦੀ ਅਉਧ ਜਿੰਨੀ, ਉਲਫ਼ਤ ਰਚਾ ਕੇ ਮੁੜਿਆ।
ਸੱਜਣ ਦੇ ਸ਼ਹਿਰ ‘ਚੋਂ ਉਹ, ਖ਼ੁਦ ਨੂੰ ਗਵਾ ਕੇ ਮੁੜਿਆ।

ਤੇਹਾਂ ਬੁਝਾਉਣ ਖਾਤਰ, ਜਿਸ ਕੋਲ ਉਹ ਗਿਆ ਸੀ,
ਸੁੱਕੀ ਨਦੀ ਤੋਂ ਰੇਤਾ, ਝੋਲੀ ਪਵਾ ਕੇ ਮੁੜਿਆ।

ਬਦਕਿਸਮਤੀ ਅਜੇ ਵੀ, ਪਿੱਛਾ ਨਾ ਉਸ ਦਾ ਛਡਦੀ,
ਕਿੰਨਾਂ ਵੀ ਰਸਤਿਆਂ ਚੋਂ, ਪੈੜਾਂ ਮਿਟਾ ਕੇ ਮੁੜਿਆ।

ਉਹ ਕੂੰਜ ਲਾਪਤਾ ਨੂੰ, ਘਰ ਉਸ ਦੇ ਲੈ ਗਿਆ ਸੀ,
ਕੂੰਜਾਂ ਦੇ ਦੇਸ ਵਿੱਚੋਂ, ਤੁਹਮਤ ਲਵਾ ਕੇ ਮੁੜਿਆ।

ਮੰਦਰ ਦੀ ਇਕ ਅਟਾਰੀ ਤੇ ਆਲ੍ਹਣਾ ਬਣਾ ਕੇ,
ਪੰਛੀ ਮਸੀਤ ਵਿੱਚੋਂ, ਕਾਫ਼ਿਰ ਕਹਾ ਕੇ ਮੁੜਿਆ।

ਉਹ ‘ਰਾਜ’ ਵਾਂਗ ਜਿਹੜਾ, ਸੂਰਜ ਨੂੰ ਟੋਲ੍ਹਦਾ ਸੀ,
ਫਿਰ ਗ਼ਮ ਦੀ ਰਾਤ ਕਾਲੀ, ਅਪਣੀ ਬਣਾ ਕੇ ਮੁੜਿਆ।



ਨ੍ਹੇਰੇ ਦੀ ਸੁੰਨ੍ਹ ਅੰਦਰ ਕੁਛ ਹੇਰ ਫੇਰ ਹੈ।
ਲਗਦੈ ਸਲੀਬ ਉੱਪਰ ਲਟਕੀ ਸਵੇਰ ਹੈ।

ਸੂਰਜ ਦੇ ਹਾਣ ਦਾ ਹੁਣ ਦੀਵਾ ਮੈਂ ਬਾਲ਼ਣਾ,
ਇਸ ਵਾਸਤੇ ਹੀ ਮੇਰਾ ਦੁਸ਼ਮਣ ਹਨੇਰ ਹੈ।

ਉਸ ਤੋਂ ਨਾ ਰੀਸ ਹੋਣੀ, ਸੱਸੀ ਦੇ ਇਸ਼ਕ ਦੀ,
ਤਪਦੇ ਥਲਾਂ ‘ਚ ਉਸ ਨੂੰ, ਆਉਂਦੀ ਘੁਮੇਰ ਹੈ।

ਉਹ ਤਰਕ ਦੀ ਜਗ੍ਹਾ ‘ਤੇ ਖੰਜ਼ਰ ਉਠਾ ਲਵੇ,
ਫਿਰ ਆਖਦਾ ਜ਼ਮਾਨਾ, ਉਹ ਤਾਂ ਦਲੇਰ ਹੈ।

ਜਿਸਮਾਂ ਦਾ ਤਰਜ਼ਮਾਂ ਤਾਂ ਛੇਤੀ ਹੀ ਕਰ ਲਵੇ,
ਪ੍ਰੀਤਾਂ ਦੇ ਅਰਥ ਕਰਦਾ ਲਾਉਂਦਾ ਉਹ ਦੇਰ ਹੈ।

ਗਿਦੜਾਂ ਦੇ ਹੱਥ ਜੰਗਲ ਦਾ ਰਾਜ ਆ ਗਿਆ,
ਜਦ ਤੋਂ ਲਚਾਰ ਹੋਇਆ, ਜੰਗਲ ਦਾ ਸ਼ੇਰ ਹੈ।

ਅਪਣਾ ਹੀ ਥਹੁ ਪਤਾ ਨਾ ਮਿਲਿਆ ਹੈ ਰਾਜ ਨੂੰ,
ਉਸ ਨੇ ਦੁਮੇਲ ਤੀਕਰ, ਗਾਹਿਆ ਚੁਫੇਰ ਹੈ।

ਹੋ ਸਕੇ ਤਾਂ ਆਉਣ ਦੀ ਕੋਸ਼ਿਸ਼ ਕਰੀਂ।
ਪਾਰ ਸਾਨੂੰ ਲਾਉਣ ਦੀ ਕੋਸ਼ਿਸ਼ ਕਰੀਂ।

ਸਰਦਲਾਂ ਤੇ ਬੁਝ ਗਏ ਨੇ ਜੋ ਚਿਰਾਗ,
ਫੇਰ ਤੋਂ ਰੁਸ਼ਨਾਉਣ ਦੀ ਕੋਸ਼ਿਸ਼ ਕਰੀਂ।

ਦੇਖਣੀ ਹੈ ਸੁਲਗਦੀ ਜੇਕਰ ਹਵਾ,
ਸਾਹ 'ਚ ਸਾਹਾਂ ਪਾਉਣ ਦੀ ਕੋਸ਼ਿਸ਼ ਕਰੀਂ।

ਲਰਜ਼ਦੇ ਹੋਠਾਂ ਤੋਂ ਪੀਣੀ ਹੈ ਅਗਰ,
ਜਾਮ ਨੂੰ ਠੁਕਰਾਉਣ ਦੀ ਕੋਸ਼ਿਸ਼ ਕਰੀਂ।

ਰੋਸਿਆਂ ਵਿਚ ਬੀਤ ਨਾ ਜਾਵੇ ਹਯਾਤ,
ਫਿਰ ਤੋਂ ਯਾਰ ਮਨਾਉਣ ਦੀ ਕੋਸ਼ਿਸ਼ ਕਰੀਂ।

ਸੁਣ ਲਵੀਂ ਤੂੰ, ਓਸ ਦਾ ਵੀ ਫੈਸਲਾ,
ਹੱਕ ਨਾ ਜਤਲਾਉਣ ਦੀ ਕੋਸ਼ਿਸ਼ ਕਰੀਂ।

ਮੁਸਕੁਰਾ ਕੇ 'ਰਾਜ' ਲੋਕਾਂ ਸ੍ਹਾਮਣੇ,
ਮਨ ਦਾ ਦਰਦ ਛੁਪਾਉਣ ਦੀ ਕੋਸ਼ਿਸ਼ ਕਰੀਂ।



ਤੋੜੇ ਕਰਾਰ ਜਿਸ ਨੇ ਉਹ ਬੇ-ਕਰਾਰ ਹੋਵੇ।
ਏਹੋ ਸਜ਼ਾ ਹੈ ਉਸ ਦੀ, ਉਸ ਨੂੰ ਵੀ ਪਿਆਰ ਹੋਵੇ।

ਪਾਣੀ ਤੇ ਲੀਕ ਬਣਕੇ, ਉਹ ਜ਼ਿੰਦਗੀ 'ਚ ਆਇਆ,
ਫਿਰ ਦੋਸਤਾਂ 'ਚ ਕੀਕਣ, ਉਸ ਦਾ ਸ਼ੁਮਾਰ ਹੋਵੇ।

ਇਸ ਹੋਰਵੇ 'ਚ ਪੰਛੀ, ਰੇਤਾ 'ਚ ਨ੍ਹਾ ਰਿਹਾ ਹੈ,
ਆਖ਼ਰ ਘਟਾ ਵੀ ਕੁਛ ਤਾਂ, ਹੁਣ ਸ਼ਰਮਸਾਰ ਹੋਵੇ।

ਏਸੇ ਹੀ ਸ਼ਰਤ ਉੱਤੇ, ਮਰਨਾ ਕਬੂਲ ਮੈਨੂੰ,
ਮੇਰੀ ਮਜ਼ਾਰ ਨੇੜੇ, ਉਸ ਦੀ ਮਜ਼ਾਰ ਹੋਵੇ।

ਕੱਲੇ ਖੜੇ ਨੂੰ ਆ ਕੇ, ਦੇ ਕੇ ਦੁਲਾਰ ਜਾਂਦੀ,
ਰੁਖ ਤੋਂ ਨਾ ਉਸ ਹਵਾ ਦਾ, ਕਰਜ਼ਾ ਉਤਾਰ ਹੋਵੇ।

ਅਪਣੇ ਲਹੂ 'ਚੋਂ ਲਾਵਾਂ, ਅਪਣੀ ਕਲਮ ਨੂੰ ਡੋਬਾ,
ਮੁਖੜਾ ਨ ਪਰ ਗਜ਼ਲ ਦਾ, ਮੈਥੋਂ ਸੁਆਰ ਹੋਵੇ।

ਤੇਰਾ ਰਕੀਬ ਤੈਨੂੰ ਰਹਿੰਦਾ ਜ਼ਲੀਲ ਕਰਦਾ,
ਐ ਰਾਜ ਫੁੱਲ ਜਿੱਥੇ, ਓਥੇ ਹੀ ਖਾਰ ਹੋਵੇ।

ਖ਼ੁਸ਼ਬੂ ਵਸੀ ਹੈ ਜਿਸ ਦੀ, ਸਾਜ਼ੋ ਸਮਾਨ ਅੰਦਰ।
ਕਿਸ ਨੇ ਹੈ ਪੈਰ ਪਾਇਆ ਸੁੰਨੇ ਮਕਾਨ ਅੰਦਰ।

ਆਈ ਜਦੋਂ ਮੁਹੱਬਤ, ਜੂਝਣ ਮਦਾਨ ਅੰਦਰ,
ਸ਼ਮਸ਼ੀਰ ਲੁਕ ਗਈ ਸੀ, ਜਾ ਕੇ ਮਿਆਨ ਅੰਦਰ।

ਸੂਰਜ ਨੂੰ ਫੜਨ ਤੁਰਿਆ, ਪੰਛੀ ਤਾਂ ਲਾਪਤਾ ਹੈ,
ਦਿਸਦੇ ਨੇ ਖੰਭ ਉਡਦੇ, ਕੁਛ ਆਸਮਾਨ ਅੰਦਰ,

ਦਿਲ ਦਾ ਵਪਾਰ ਕਰਦਾ, ਉਹ ਮੋੜਦਾ ਨਾ ਖਾਲੀ,
ਇਕ ਵਾਰ ਆ ਗਿਆ ਜੋ, ਉਸ ਦੀ ਦੁਕਾਨ ਅੰਦਰ।

ਫੇਰਾ ਕਦੇ ਨ ਪਾਇਆ, ਮੇਰੀ ਗਲੀ 'ਚ ਜਿਸ ਨੇ,
ਮੈਂ ਖ਼ੁਦ ਨੂੰ ਛੱਡ ਆਇਆਂ, ਉਸ ਦੇ ਜਹਾਨ ਅੰਦਰ।

ਖਾਮੋਸ਼ ਰਹਿ ਕੇ ਕਰਨਾ, ਕਲਮਾਂ ਦਾ ਵਾਰ ਆਪਾਂ,
ਤੂੰ 'ਰਾਜ' ਚੁਪ ਕਰ ਜਾ, ਕਰ ਲੈ ਜ਼ੁਬਾਨ ਅੰਦਰ।



ਚੜ੍ਹਿਆ ਹੈ ਦਿਨ ਮੁਬਾਰਕ, ਸਾਡੀ ਤਾਂ ਈਦ ਹੋਈ।
ਚਿਲਮਨ ਜਦੋਂ ਹਟਾਈ, ਦਿਲਬਰ ਦੀ ਦੀਦ ਹੋਈ।

ਚਾਦਰ ਮੈਂ ਗ਼ਮ ਦੀ ਲਾਹੀ, ਸੀਨੇ ਦੀ ਲਾਟ ਉੱਤੋਂ,
ਸਾਵਣ ਦੇ ਆਉਣ ਦੀ ਹੁਣ, ਥੋੜ੍ਹੀ ਉਮੀਦ ਹੋਈ।

ਮੇਰੀ ਜ਼ੁਬਾਨ ਦੇ ਨਾ, ਕੁਛ ਹਰਫ਼ ਮੇਚ ਆਏ,
ਮਹਿਫਲ 'ਚ ਨਜ਼ਮ ਤੜਫੀ, ਆਖ਼ਰ ਸ਼ਹੀਦ ਹੋਈ।

ਬਹਿਰਾਂ ਨੂੰ ਓਸ ਨੇ ਜਦ, ਮੇਰੇ ਦਰਾਂ ਤੇ ਡਿੱਠਾ,
ਉਸ ਵਕਤ ਹੀ ਗ਼ਜ਼ਲ ਫਿਰ, ਮੇਰੀ ਮੁਰੀਦ ਹੋਈ।

ਸੋਨੇ ਦੀ ਸੇਜ਼ ਤੇ ਉਹ, ਬੈਠਾ ਹੈ ਡੌਰ ਭੌਰਾ,
ਕਿਉਂ ਯਾਰ ਦੀ ਵਫ਼ਾ ਨਾ, ਉਸ ਤੋਂ ਖ਼ਰੀਦ ਹੋਈ।

ਕਰਦਾ ਸੀ ਰਾਜ ਨੂੰ ਜੋ, ਅਪਣੀ ਦੁਆ 'ਚ ਸ਼ਾਮਿਲ,
ਉਸ ਨੂੰ ਹੀ ਰਾਜ ਤੋਂ ਹੁਣ, ਨਫ਼ਰਤ ਸ਼ਦੀਦ ਹੋਈ।

ਸਿਵਾ ਰੀਝਾਂ ਦਾ ਬਲ਼ਦਾ ਹੈ, ਕਿਸੇ ਦੀ ਯਾਦ ਆਉਂਦੀ ਹੈ।
ਜਦੋਂ ਸੂਰਜ ਇਹ ਢਲ਼ਦਾ ਹੈ, ਕਿਸੇ ਦੀ ਯਾਦ ਆਉਂਦੀ ਹੈ।

ਸਵਾਲੀ ਰਾਤ ਨੂੰ ਬਣਕੇ, ਫ਼ਕੀਰਾਂ ਵਾਂਗਰਾਂ ਸੁਪਨਾ,
ਦਰਾਂ ਤੇ ਆਣ ਖਲ਼ਦਾ ਹੈ, ਕਿਸੇ ਦੀ ਯਾਦ ਆਉਂਦੀ ਹੈ।

ਮੇਰੇ ਬੀਤੇ ਦਿਨਾਂ ਦਾ ਹੈ, ਬੜਾ ਨਾਪਾਕ ਪਰਛਾਵਾਂ,
ਮੇਰੇ ਜਦ ਨਾਲ ਚਲਦਾ ਹੈ, ਕਿਸੇ ਦੀ ਯਾਦ ਆਉਂਦੀ ਹੈ।

ਬੜਾ ਹੀ ਹਰਖਿਆ ਪਾਣੀ, ਵਗੇ ਜੋ ਪਰਬਤਾਂ ਥਾਣੀ,
ਜਦੋਂ ਸਾਗਰ ਚ ਰਲ਼ਦਾ ਹੈ, ਕਿਸੇ ਦੀ ਯਾਦ ਆਉਂਦੀ ਹੈ।

ਕੁਈ ਸਗਨਾਂ ਦੀ ਮਹਿੰਦੀ ਨੂੰ, ਮਿਲਾ ਅਪਣੇ ਲਹੂ ਅੰਦਰ,
ਜਦੋਂ ਤਲੀਆਂ ਤੇ ਮਲ਼ਦਾ ਹੈ, ਕਿਸੇ ਦੀ ਯਾਦ ਆਉਂਦੀ ਹੈ।



ਬੋਟਾਂ ਨੂੰ ਪੰਛੀਆਂ ਨੇ ਖ਼ੁਦ ਕਰ ਉਡਾਰ ਲੈਣਾ।
ਰਾਹੀਆਂ ਨੂੰ ਮੰਜ਼ਲਾਂ ਨੇ, ਆਪੇ ਪੁਕਾਰ ਲੈਣਾ।

ਚਿਹਰੇ ਤੇ ਨੂਰ ਤੱਕੇ, ਝਿਜ਼ਕੇ ਜਲਾਦ ਮੈਥੋਂ,
ਗਾਟੇ ਤੋਂ ਸੀਸ ਹੁਣ ਮੈਂ, ਖ਼ੁਦ ਹੀ ਉਤਾਰ ਲੈਣਾ।

ਅਪਣੀ ਹਯਾਤ ਉਸ ਨੂੰ, ਲੱਗੇ ਵਿਰਾਨ ਜੇਹੀ,
ਸੌਖਾ ਨਹੀ ਹੈ ਏਨਾਂ, ਰੀਝਾਂ ਨੂੰ ਮਾਰ ਲੈਣਾ।

ਉਸ ਦਾ ਵਜ਼ੂਦ ਮੇਰੇ ਪਿੰਡੇ ‘ਚ ਢਲ਼ ਗਿਆ ਹੈ,
ਮੈਂ ਆਪਣੇ ਚੋਂ ਉਸ ਦਾ, ਕਰ ਹੈ ਦਿਦਾਰ ਲੈਣਾ।

ਗ਼ਜ਼ਲਾਂ ਦੇ ਸ਼ਿਅਰ ਤਿੱਖੇ, ਖੰਜ਼ਰ ਦੀ ਧਾਰ ਵਰਗੇ,
ਸ਼ਬਦਾਂ ਦੇ ਨਾਲ ਆਪਾਂ, ਕਰ ਹੈ ਸ਼ਿਕਾਰ ਲੈਣਾ।

ਡਰਦਾ ਨਹੀ ਉਹ ਭਾਵੇਂ ਬੈਠਾ ਹੈ ਹੋਂਠ ਸੀਂਅ ਕੇ,
ਸ਼ਿਅਰਾਂ ‘ਚ ਉਸ ਨੇ ਮਨ ਦਾ, ਕੱਢ ਹੈ ਗੁਬਾਰ ਲੈਣਾ।

✪

ਬਿਖੜੇ ਸਫ਼ਰ ਚੋਂ ਅਪਣੀ, ਮੰਜ਼ਿਲ ਤਲਾਸ਼ ਲਈਏ।
ਗਰਦਿਸ਼ 'ਚੋਂ ਤਾਰਿਆਂ ਦੀ ਝਿਲਮਿਲ ਤਲਾਸ਼ ਲਈਏ।

ਭੰਵਰਾਂ ਦੇ ਬਹੁਤ ਨੇੜੇ,ਹੁਣ ਆ ਗਈ ਹੈ ਬੇੜੀ,
ਚਲ ਹਾਦਸੇ ਤੋਂ ਪਹਿਲਾਂ, ਸਾਹਿਲ ਤਲਾਸ਼ ਲਈਏ।

ਭੈੜਾ ਹੈ ਵਕਤ ਜੇਕਰ, ਚਲ ਫੇਰ ਵੀ ਕੀ ਹੋਇਆ,
ਇਸ 'ਚੋਂ ਸਕੂਨ ਦੇ ਹੁਣ, ਦੋ ਪਲ ਤਲਾਸ਼ ਲਈਏ।

ਉਸ ਦੇ ਗਰਾਂ 'ਚ ਆ ਕੇ, ਇਕ ਘਰ ਤਲਾਸ਼ਦੇ ਹਾਂ,
ਗਲੀਆਂ ਤਲਾਸ਼ ਲਈਏ, ਸਰਦਲ ਤਲਾਸ਼ ਲਈਏ।

ਸਹਿਰਾ ਹੈ ਜਾਂ ਸਮੁੰਦਰ, ਫਿਰ ਹੀ ਪਛਾਣ ਹੋਣਾ,
ਜੇ ਪਾਣੀਆਂ 'ਚ ਹੁੰਦੀ, ਹਲਚਲ ਤਲਾਸ਼ ਲਈਏ।

ਰੂਪੋਂ ਕਰੂਪ ਹੋ ਕੇ, ਫਿਰ ਵੀ ਉਮੀਦ ਲਾਈ,
ਦਿਲਬਰ ਸੁਜਾਨ ਸੋਹਣਾ, ਕਾਮਿਲ ਤਲਾਸ਼ ਲਈਏ।

ਮੇਰੇ ਹੈ ਕਫ਼ਨ ਸਿਰ ਤੇ, ਤੂੰ ਵੀ ਲੁਕੋ ਨਾ ਖੰਜ਼ਰ,
ਚਲ ਰਾਜ ਨਾਲ ਮੇਰੇ, ਮਕਤਲ ਤਲਾਸ਼ ਲਈਏ।



✪

ਇਸ਼ਕ ਦੀ ਦੀਵਾਨਗੀ ਹੈਰਾਨਕੁਨ,
ਜਿਸਮ ਦੀ ਪਾਕੀਜ਼ਗੀ ਹੈਰਾਨਕੁਨ।

ਚੀਰ ਕੇ ਕੋਈ ਦਿਖਾ ਤਾਂ ਨਾ ਸਕੇ,
ਪਰ ਦਿਲਾਂ ਦੀ ਦਿਲ-ਲਗੀ ਹੈਰਾਨਕੁਨ।

ਸ਼ਕਲ ਹੈ ਸੋਹਣੀ ਤੇ ਊਣਾ ਅਕਲ ਤੋਂ,
ਆਦਮੀ ਦੀ ਉਮਦਗੀ ਹੈਰਾਨਕੁਨ।

ਰਾਤ ਪੀਤੀ ਤੇ ਸਵੇਰੇ ਫਿਰ ਸ਼ੁਰੂ,
ਯਾਰ ਤੇਰੀ ਤਾਜ਼ਗੀ ਹੈਰਾਨਕੁਨ।

ਜ਼ੋਰ ਮਾੜੇ ਤੇ ਦਿਖਾਉਨੈ ਤੂੰ ਸਦਾ,
ਇਹ ਤੇਰੀ ਮਰਦਾਨਗੀ ਹੈਰਾਨਕੁਨ।

ਯਾਦ ਆਵੇ ਰੱਬ ਦੀ ਔਖੀ ਘੜੀ,
ਬੰਦਿਆਂ ਦੀ ਬੰਦਗੀ ਹੈਰਾਨਕੁਨ ।

ਥਾਲ ਸੋਨੇ ਦੇ 'ਚ ਰੋਟੀ ਹੈ ਬਿਹੀ,
ਰਾਜ ਤੇਰੀ ਸਾਦਗੀ ਹੈਰਾਨਕੁਨ।

ਰੱਖ ਕੇ ਕੁਛ ਫਾਸਲੇ, ਤੁਰਦੀ ਰਹੇ ਇਹ ਜ਼ਿੰਦਗੀ ।
ਮੋੜ ਹਰਦਮ ਗ਼ਲਤ ਹੀ, ਮੁੜਦੀ ਰਹੇ ਇਹ ਜ਼ਿੰਦਗੀ ।

ਤਪ ਰਹੀ ਹੈ ਆਤਮਾ, ਹਿਜਰਾਂ ਦਾ ਏਨਾਂ ਤਾਪ ਹੈ,
ਬਰਫ਼ ਵਾਂਗਰ ਫੇਰ ਵੀ, ਖੁਰਦੀ ਰਹੇ ਇਹ ਜ਼ਿੰਦਗੀ।

ਉਮਰ ਭਰ ਹੀ ਭੁਗਤਣਾ ਹੈ ਏਸਦਾ ਸੰਤਾਪ ਮੈਂ,
ਤੁਪਕਿਆਂ ਦੇ ਵਿਚ ਦੀ ਨਿੱਚੁੜਦੀ ਰਹੇ ਇਹ ਜ਼ਿੰਦਗੀ।

ਜੇਸ ਨੂੰ ਮੈਂ ਸਮਝਿਆ, ਦਿਲਦਾਰ ਹਮਦਮ ਆਪਣਾ,
ਓਸ ਦੇ ਹੱਥੋਂ ਸਦਾ, ਕੁੜ੍ਹਦੀ ਰਹੇ ਇਹ ਜ਼ਿੰਦਗੀ।

ਬੇਰੁਖ਼ੀ ਦੀ ਸੱਟ ਨੇ ਅਕਸਰ ਹੀ ਇਸ ਨੂੰ ਤੋੜਿਆ,
ਰੋਜ਼ ਹੀ ਫਿਰ ਟੁੱਟ ਕੇ, ਜੁੜਦੀ ਰਹੇ ਇਹ ਜ਼ਿੰਦਗੀ।

ਊਂ ਤਾਂ ਏਨਾਂ ਬਖ਼ਸ਼ਿਆ, ਦਿਲ ਖੋਲ੍ਹ ਕੇ ਦਾਤਾਰ ਨੇ,
ਵਸਲ ਦੇ ਇਕ ਪਲ ਖੁਣੋਂ, ਥੁੜਦੀ ਰਹੇ ਇਹ ਜ਼ਿੰਦਗੀ।

ਕੀ ਕਹਾਂ ਮੈਂ ਮਹਿਰਮਾਂ, ਇਸ ਜ਼ਿੰਦਗੀ ਦੀ ਚਾਲ ਨੂੰ,
ਕਲਪਦੀ ਤੇ ਵਿਲਕਦੀ ਰੁੜ੍ਹਦੀ ਰਹੇ ਇਹ ਜ਼ਿੰਦਗੀ।



ਜਦ ਵੀ ਰਫੀਕ ਅਪਣੇ ਮੱਕਾਰ ਮਿਲਣਗੇ।
ਬਸ ਫੇਰ ਤੁਹਮਤਾਂ ਦੇ ਉਪਹਾਰ ਮਿਲਣਗੇ।

ਸਾਡੇ ਵਜ਼ੂਦ ਨੂੰ ਤਾਂ ਇਹ ਦੇਸ ਖਾ ਗਿਆ,
ਸੁਣਿਆ ਸੀ ਇਸ ਜਗ੍ਹਾ 'ਤੇ ਪਰਿਵਾਰ ਮਿਲਣਗੇ।

ਮਿਲਦਾ ਨਾ ਇਸ ਨਗਰ ਵਿਚ ਜਿਉਂਦਾ ਕੋਈ ਬਸ਼ਰ,
ਹਰ ਮੋੜ ਤੇ ਹੀ ਫਿਰਦੇ ਮੁਰਦਾਰ ਮਿਲਣਗੇ।

ਪੜ੍ਹਿਆ ਅਸੀਂ ਬਥੇਰਾ ਏਸੇ ਉਮੀਦ ਤੋਂ,
ਇਹ ਸੋਚਿਆ ਸੀ ਸ਼ਾਇਦ ਰੁਜ਼ਗਾਰ ਮਿਲਣਗੇ।

ਜੋ ਅਸਲ ਤੋਂ ਵੀ ਵਧ ਕੇ, ਪਾਤਰ ਨਿਭਾਉਣ ਰੋਜ਼,
ਦੁਨੀਆਂ ਦੇ ਮੰਚ ਤੇ ਉਹ ਫਨਕਾਰ ਮਿਲਣਗੇ।

ਨਾ ਪੁੱਛ ਰਾਜ ਰੋਂਦੇ ਸਾਰੇ ਹੀ ਲੋਕ ਹੁਣ,
ਇਕ ਦੂਸਰੇ ਤੋਂ ਵਧ ਕੇ ਲਾਚਾਰ ਮਿਲਣਗੇ।

ਵਿਹੜੇ ਜਦੋਂ ਅਸਾਡੇ, ਸੂਰਜ਼ ਨੇ ਝਾਤ ਪਾਈ।
ਹਿਜ਼ਰਾਂ ਦੀ ਰਾਤ ਨੇ ਸੀ ਤਦ ਹੀ ਵਫ਼ਾਤ ਪਾਈ।

ਕਿੰਨੀ ਹੀ ਵਾਰ ਖਾਲੀ ਮੁੜਿਆ ਹਾਂ ਮੈਂ ਚਮਨ ਚੋਂ,
ਹੁਣ ਜਾ ਕੇ ਕੰਡਿਆਂ ਨੂੰ, ਫੁੱਲਾਂ ਨੇ ਮਾਤ ਪਾਈ।

ਬੰਜਰ ਜ਼ਮੀਨ ਉੱਤੇ, ਉੱਗੇ ਨੇ ਵੇਲ ਬੂਟੇ,
ਕਿਸ ਨੇ ਹੈ ਇਸ ਦੀ ਝੋਲੀ ਸੋਹਣੀ ਸੁਗਾਤ ਪਾਈ।

ਬਣਕੇ ਫ਼ਕੀਰ ਆਇਆ ਜਦ ਵੀ ਹਵਾ ਦਾ ਬੁੱਲ੍ਹਾ,
ਬਿਰਖਾਂ ਨੇ ਫੁੱਲ ਪੱਤੇ, ਉਸ ਨੂੰ ਖਰਾਤ ਪਾਈ।

ਮੁੱਦਤ ਦੇ ਬਾਅਦ ਜਾ ਕੇ, ਧਰਤੀ ਦਾ ਤਾਪ ਲੱਥਾ,
ਕਣੀਆਂ ਨੇ ਬੱਦਲਾਂ ਤੋਂ, ਜਦ ਸੀ ਨਿਜ਼ਾਤ ਪਾਈ।

ਕਿੱਸੇ ਵਿਯੋਗ ਦੇ ਸੁਣ, ਲੰਘੀ ਹਯਾਤ ਰੋ ਕੇ,
ਆਖ਼ਰ ਕਿਸੇ ਨੇ ਰਾਤੀਂ ਵਸਲਾਂ ਦੀ ਬਾਤ ਪਾਈ।

ਏਨਾ ਵੀ ਦੂਰ ਨਾ ਸੀ ਉਸ ਪਾਰਲਾ ਕਿਨਾਰਾ,
ਤੂੰ ਰਾਜ ਘੌਲ਼ ਕਰਕੇ, ਐਵੇਂ ਹੀ ਰਾਤ ਪਾਈ।



ਕੀ ਹੋਇਆ ਜੇ ਹੁਣ ਥੋੜੇ ਮਜ਼ਬੂਰ ਅਸੀਂ।
ਬਦਲ ਦਿਆਂਗੇ ਜ਼ਾਲਮ ਦੇ ਦਸਤੂਰ ਅਸੀਂ।

ਬਿਖੜੇ ਪੈਂਡੇ ਉੱਤੇ ਜ਼ਖਮੀ ਪੈਰਾਂ ਨਾਲ,
ਹੁਣ ਮੰਜ਼ਲ ਤੋਂ ਏਨੇ ਵੀ ਨਾ ਦੂਰ ਅਸੀਂ।

ਸਾਡਾ ਦੀਵਾ ਬਲ਼ਦਾ ਕਿਰਤ ਕਮਾਈ ਦਾ,
ਨ੍ਹੇਰੇ ਵਿਚ ਵੀ ਰਹਿਨੇ ਹਾਂ ਪੁਰਨੂਰ ਅਸੀਂ।

ਓਨਾਂ ਹੀ ਤੂੰ ਸਾਨੂੰ ਹੋਰ ਦਬਾ ਲੈਂਨੈ,
ਮੰਨੀ ਜਾਈਏ ਜਿੰਨੀ ਤੇਰੀ ਘੂਰ ਅਸੀਂ।

ਸਾਡਾ ਹੋਰ ਤਰੀਕਾ ਰੋਸ ਜਤਾਉਣੇ ਦਾ,
ਹੋ ਸਕਦੇ ਨਾ ਤੇਰੇ ਵਾਂਗ ਕਰੂਰ ਅਸੀਂ।

ਖੁਸ਼ੀਆਂ, ਖੇੜੇ, ਪੈਸਾ, ਰੁਤਬਾ, ਕੋਲ ਜ੍ਹਿਦੇ,
ਸਿਰਜਾਂਗੇ ਉਹ ਨਵਯੁਗ ਦਾ ਮਜ਼ਦੂਰ ਅਸੀਂ।

ਹਸਦੇ ਗਾਉਂਦੇ ਮਨ ਪਰਚਾਉਂਦੇ ਅਪਣੇ ਘਰ,
ਰਾਜ ਕਦੇ ਵੀ ਤੈਨੂੰ ਨਾ ਮਨਜ਼ੂਰ ਅਸੀਂ।

ਘਟਾਵਾਂ ਦੀ ਸਿਆਸਤ ਹੈ, ਕਿ ਬੇਬਸ ਮੋਰ ਨੱਚੇ ਨੇ।
ਰਹੀ ਚੁਪ ਚਾਪ ਹੀ ਝਾਂਜਰ, ਇਕੱਲੇ ਬੋਰ ਨੱਚੇ ਨੇ।

ਕਿਵੇਂ ਹੈ ਠੱਗ ਲਿਆ ਦੇਖੋ, ਇਨ੍ਹਾਂ ਨੇ ਮੇਜ਼ਬਾਨਾਂ ਨੂੰ,
ਇਹ ਮਹਿਫਲ ਹੋਰਨਾਂ ਦੀ ਸੀ, ਤੇ ਆ ਕੇ ਹੋਰ ਨੱਚੇ ਨੇ।

ਖਿਡਾਵੇ ਹੀ ਬਦਲਦੇ ਨੇ, ਖਿਡੌਣਾ ਤਾਂ ਰਹੀ ਤੂੰ ਹੀ,
ਇਹ ਡੋਲੀ ਚੁੱਕ ਨਚਦੇ ਨੇ, ਉਹ ਡੋਲੀ ਤੋਰ ਨੱਚੇ ਨੇ।

ਸ਼ਹਾਨਾ ਜਸ਼ਨ ਵਿਚ ਆਏ, ਇਹ ਭੁੱਖੇ ਪੇਟ ਹੀ ਲੋਕੀ,
ਇਨ੍ਹਾਂ ਦੇ ਹੌਸਲੇ ਦੇਖੋ, ਕਿ ਲਾ ਕੇ ਜ਼ੋਰ ਨੱਚੇ ਨੇ।

ਉਨ੍ਹਾਂ ਦੇ ਨਾਲ ਕੀ ਨੱਚੇ, ਉਨ੍ਹਾਂ ਨੇ ਨੋਚ ਹੀ ਖਾਧਾ,
ਦਿਸਣ ਜੋ ਬੰਦਿਆਂ ਵਰਗੇ, ਉਹ ਆਦਮਖੋਰ ਨੱਚੇ ਨੇ।

ਅਸੀਂ ਮਰਗਾਂ ਤੋਂ ਆਏ ਹਾਂ, ਤੁਸੀਂ ਸਗਨਾਂ ਤੋਂ ਆਏ ਹੋ,
ਕਿਸੇ ਥਾਂ ਚੁੱਪ ਨੱਚੀ ਹੈ, ਕਿਸੇ ਥਾਂ ਸ਼ੋਰ ਨੱਚੇ ਨੇ।

ਲੁਟਾਇਆ ਰਾਜ ਨੇ ਘਰ ਵੀ ਤੇ ਜ਼ਿੱਲਤ ਵੀ ਉਠਾਈ ਹੈ,
ਬਰੀ ਹੋ ਕੇ ਅਦਾਲਤ ਚੋਂ, ਬੜੇ ਹੀ ਚੋਰ ਨੱਚੇ ਨੇ।



ਬਿਗਾਨੇ ਦੇਸ਼ ਵਿਚ ਕਰਕੇ ਤਬਾਹੀ, ਪਰਤ ਆਏ ਨੇ।
ਮਦਾਨੇ ਜੰਗ 'ਚੋਂ ਲੜਕੇ ਸਿਪਾਹੀ, ਪਰਤ ਆਏ ਨੇ।

ਕਿਸੇ ਨਿਰਦੋਸ਼ ਨੂੰ ਫਾਂਸੀ, ਅਦਾਲਤ ਨੇ ਲਗਾ ਦੇਣੀ,
ਕਈ ਭਰ ਕੇ ਹੁਣੇ ਝੂਠੀ ਗਵਾਹੀ, ਪਰਤ ਆਏ ਨੇ।

ਜੋ 'ਮੁੱਕੀ' ਆਖ ਕੇ ਮੋੜੇ, ਦਰਾਂ ਤੋਂ ਰਿੰਦ ਤੂੰ ਸਾਕੀ,
ਤਿਰੇ ਹੱਥੀਂ ਜਦੋਂ ਤੱਕੀ ਸੁਰਾਹੀ, ਪਰਤ ਆਏ ਨੇ।

ਘਰਾਂ ਤੋਂ ਦੂਰ ਰਹਿ ਰਹਿ ਕੇ, ਕਮਾਉਣਾ ਰਿਜਕ ਨਾ ਸੌਖਾ,
ਨਸੀਬਾਂ ਵਾਲੀਆਂ ਜਿਹਨਾਂ ਦੇ ਮਾਹੀ, ਪਰਤ ਆਏ ਨੇ।

ਗਏ ਇਮਦਾਦ ਲੈ ਕੇ ਉਹ, ਤੇ ਫੋਟੋ ਵੀ ਖਿਚਾ ਛੱਡੀ,
ਕਿਸੇ ਬਾਲਕ ਦੇ ਹੋਠੀਂ ਲਾ ਗਰਾਹੀ, ਪਰਤ ਆਏ ਨੇ।

ਜੋ ਲਿਖ ਕੇ ਦੇ ਗਏ ਸੀ, ਹੁਣ ਕਦੇ ਨੇੜੇ ਨਹੀਂ ਆਉਣਾ,
ਅਜੇ ਸੁੱਕੀ ਨਾ ਸ਼ਬਦਾਂ ਦੀ ਸ਼ਿਆਹੀ, ਪਰਤ ਆਏ ਨੇ।

ਏਨੀ ਕੁ ਨਾਲ ਸਾਡੇ, ਕਰਦਾ ਰਹੀਂ ਤੂੰ ਯਾਰਾ।
ਲਾਹ ਅੰਬਰਾਂ ਤੋਂ ਥੱਲੇ, ਧਰਦਾ ਰਹੀਂ ਤੂੰ ਯਾਰਾ।

ਉਹ ਪਾਰਲਾ ਕਿਨਾਰਾ, ਤੈਨੂੰ ਉਡੀਕਦਾ ਹੈ,
ਡੁੱਬ ਜਾਣ ਦੇ ਅਸਾਨੂੰ, ਤਰਦਾ ਰਹੀਂ ਤੂੰ ਯਾਰਾ।

ਐਵੇਂ ਨਾ ਲਾਸ਼ ਸਾਡੀ, ਤੂੰ ਮੋਢਿਆਂ ਤੇ ਢੋਵੀਂ,
ਸਾਡੇ ਲਈ ਨਾ ਦੁਖੜੇ, ਜਰਦਾ ਰਹੀਂ ਤੂੰ ਯਾਰਾ।

ਤੇਰੇ ਹੀ ਹੱਥ ਬਾਜ਼ੀ, ਦਮਦਾਰ ਖੇਡ ਤੇਰੀ,
ਸਾਨੂੰ ਜਿਤਾ, ਨਾ ਐਵੇਂ ਹਰਦਾ ਰਹੀਂ ਤੂੰ ਯਾਰਾ।

ਬਿਰਹਾ ਦੇ ਰੰਗ ਹੀ ਤਾਂ, ਸ਼ਾਇਰ ਦੀ ਜਾਨ ਹੁੰਦੇ,
ਗ਼ਜ਼ਲਾਂ 'ਚ ਰੰਗ ਸਾਡੇ, ਭਰਦਾ ਰਹੀਂ ਤੂੰ ਯਾਰਾ।

ਮੁਜ਼ਰਮ ਹੈ 'ਰਾਜ' ਤੇਰਾ, ਚਲ ਤੂੰ ਹੀ ਮਾਫ਼ ਕਰਕੇ,
ਪਾਉਂਦਾ ਸਦਾ ਗੁਨਾਹ ਤੇ, ਪਰਦਾ ਰਹੀਂ ਤੂੰ ਯਾਰਾ।



ਅਸਲੋਂ ਉਜਾੜਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।
ਕੋਹ ਕੋਹ ਕੇ ਮਾਰਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।

ਪੈਰੀਂ ਲਿਤਾੜਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।
ਐਸਾ ਖਿਲਾਰਿਆ ਹੈ, ਖ਼ੁਦਗ਼ਰਜ਼ੀਆਂ ਨੇ ਸਾਨੂੰ।

ਦਿੰਦਾ ਸੀ ਜਾਨ ਜਿਹੜਾ ਸਾਡੇ ਤੇ, ਓਸ ਦੇ ਹੀ,
ਦਿਲ ਤੋਂ ਉਤਾਰਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।

ਇਕ ਪਲ ਜੇ ਮੌਤ ਮੰਗੀ, ਦੂਜੇ ਹੀ ਪਲ ਹਯਾਤੀ,
ਏਨਾਂ ਦੁਫਾੜਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।

ਐਵੇਂ ਮੁਗਾਲਤਾ ਸੀ, ਡੂੰਘੀ ਹੈ ਜੜ੍ਹ ਅਸਾਡੀ,
ਮੁੱਢੋਂ ਉਖਾੜਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।

ਜਿੱਤਣ ਦੀ ਪਾ ਲਈ ਸੀ, ਆਦਤ ਅਜ਼ੀਬ ਜੇਹੀ,
ਮਿਥ ਕੇ ਪਛਾੜਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।

ਸਾਥੋਂ ਤਾਂ ਰਹਿ ਨਾ ਹੋਇਆ, ਅਪਣਾ ਗੁਲਾਮ ਕਰਕੇ,
ਜਦ ਵੀ ਪੁਕਾਰਿਆ ਹੈ, ਖ਼ੁਦਗਰਜ਼ੀਆਂ ਨੇ ਸਾਨੂੰ।

✪

ਖ਼ੈਰ-ਖ਼੍ਹਾਹਾਂ ਵਿਚ ਲੁਕੇ ਗੱਦਾਰ ਪਰਖੇ ਜਾਣਗੇ।
ਔਕੜਾਂ ਦੇ ਆਉਣ ਤੇ ਹੀ ਯਾਰ ਪਰਖ਼ੇ ਜਾਣਗੇ।

ਪੱਤਿਆਂ ਦੇ ਪਾ ਕੇ ਵਸਤਰ, ਤੁਰ ਪਏ ਨੇ ਲੋਕ ਹੁਣ,
ਅੱਗ ਪਰਖ਼ੀ ਜਾਇਗੀ, ਅੰਗਿਆਰ ਪਰਖ਼ੇ ਜਾਣਗੇ।

ਮਾਣ ਮੱਤੀ ਨਾਰ ਆ ਕੇ ਭਾਲ਼ਦੀ ਇਨਸਾਫ ਹੈ,
ਮੁਨਸਿਫ਼ਾਂ ਦੇ ਇਸ ਘੜੀ ਕਿਰਦਾਰ ਪਰਖ਼ੇ ਜਾਣਗੇ।

ਤੁਹਫਿਆਂ 'ਚੋਂ ਕੀਮਤੀ ਤੁਹਫਾ ਹੈ ਇੱਕ ਰਕੀਬ ਦਾ,
ਮੀਤ ਪਰਖ਼ੇ ਜਾਣਗੇ, ਹੁਣ ਪਿਆਰ ਪਰਖ਼ੇ ਜਾਣਗੇ।

ਖ਼ਪ ਗਏ ਨੇ ਲੋਕ ਕਿੰਨੇ, ਜੇਸ ਦੀ ਤਾਮੀਰ ਵਿਚ,
ਓਸ ਉੱਚੇ ਬੁਰਜ਼ ਦੇ ਇਕਰਾਰ ਪਰਖ਼ੇ ਜਾਣਗੇ।

ਡੁੱਬ ਗਈਆਂ ਕਿਸ਼ਤੀਆਂ ਤੋਂ, ਸਬਕ ਲੋਕਾਂ ਨੇ ਲਿਆ,
ਹੁਣ ਮਲਾਹਾਂ ਨਾਲ ਹੀ, ਪਤਵਾਰ ਪਰਖ਼ੇ ਜਾਣਗੇ।

ਜ਼ਿੰਦਗੀ ਥੋੜੀ ਕੁ ਹਾਲੇ ਹੋਰ ਬਾਕੀ ਹੈ ਮੇਰੀ,
ਸਾਕ ਪਰਖ਼ੇ ਜਾਣਗੇ, ਦਿਲਦਾਰ ਪਰਖ਼ੇ ਜਾਣਗੇ।

ਤਿੱਖ਼ਿਆਂ ਸ਼ਬਦਾਂ ਨੂੰ ਘੜ੍ਹਦੇ, ਓਸ ਦੇ ਕਾਗਜ਼, ਕਲਮ,
ਹਰ ਗਜ਼ਲ ਚੋਂ ਰਾਜ ਦੇ ਔਜ਼ਾਰ ਪਰਖ਼ੇ ਜਾਣਗੇ।



✪

ਜੇ ਨਹੀ ਹੁੰਦਾ ਤਾਂ ਬਸ, ਅਪਣੇ ਹੀ ਘਰ ਦਾ ਥਹੁ-ਪਤਾ।
ਬੇ-ਘਰਾਂ ਦੇ ਕੋਲ਼ ਹੁੰਦੈ, ਹਰ ਸਫ਼ਰ ਦਾ ਥਹੁ-ਪਤਾ।

ਬੰਨ੍ਹ ਕੇ ਸਿਰ ਤੇ ਕਫ਼ਨ ਤੁਰਦੇ ਰਹਾਂਗੇ ਮੜਕ ਨਾਲ,
ਕਦ ਅਸੀਂ ਹਾਂ ਜਾਣਦੇ ਅਜ਼ਲਾਂ ਦੇ ਡਰ ਦਾ ਥਹੁ-ਪਤਾ।

ਪੱਤਿਆਂ ਤੇ ਨਾਮ ਲਿਖ ਕੇ ਤੁਰ ਗਿਆ ਸੀ ਜੋ ਬਸ਼ਰ,
ਰੁੱਖ ਨੂੰ ਮੁੜਕੇ ਨਾ ਮਿਲਿਆ, ਉਸ ਬਸ਼ਰ ਦਾ ਥਹੁ ਪਤਾ।

ਜਿਸ ਦੀਆਂ ਗਲੀਆਂ 'ਚ ਲਿਖਿਆ ਹਸ਼ਰ ਮੇਰਾ ਦੋਸਤਾ,
ਮਿਲ ਰਿਹਾ ਮੈਨੂੰ ਕਿਤੇ ਨਾ, ਉਸ ਨਗਰ ਦਾ ਥਹੁ ਪਤਾ।

ਤੁਰਦਿਆਂ ਅੱਗੇ ਨਿਕਲ ਗਏ ਜਦ ਤੋਂ ਅਪਣੇ ਹਮਸਫ਼ਰ,
ਫਿਰ ਕਿਸੇ ਨੇ ਨਾ ਲਿਆ, ਇਸ ਬੇਹੁਨਰ ਦਾ ਥਹੁ ਪਤਾ।

ਹੋ ਨਾ ਮੁਨਕਰ 'ਰਾਜ' ਤੂੰ ਹੁੰਦੀ ਮੁਹੱਬਤ ਬੰਦਗੀ,
ਜਾਹ ਲਗਾ ਲੈ ਯਾਰ ਅਪਣੇ 'ਚੋਂ ਹੀ ਹਰ ਦਾ ਥਹੁ-ਪਤਾ।

✪

ਅਥਾਹ ਲੰਮਾ ਸਫ਼ਰ ਤੇਰਾ, ਨਹੀ ਮੁੱਕਣਾ ਸ਼ੁਰੂ ਕਰਕੇ।
ਅੜੀ ਕਰਦੈਂ ਦਿਲਾ ਐਵੇਂ ਕਿਸੇ ਦੀ ਜੁਸਤਜੂ ਕਰਕੇ।

ਦਿਨੋ ਦਿਨ ਉਲਟਦਾ ਜਾਂਦਾ, ਜ਼ਮਾਨੇ ਦਾ ਚਲਨ ਏਦਾਂ,
ਗਿਆ ਕਾਤਲ ਹੀ ਮੁਨਸਿਫ ਨੂੰ, ਬੜਾ ਬੇ-ਆਬਰੂ ਕਰਕੇ।

ਸਨਮ 'ਚੋਂ ਪਾ ਲਵੀਂ ਜਾ ਕੇ, ਖ਼ੁਦਾ ਅਪਣਾ ਅਗਰ ਪਾਉਣਾ,
ਅਦਾ ਕਰਦੈਂ ਨਮਾਜ਼ਾਂ ਜੋ ਸੁਬਹ ਸ਼ਾਮੀ ਵੁਜ਼ੂ ਕਰਕੇ।

ਨਸ਼ਾ ਦੌਲਤ ਦਾ ਸੁਣਦੇ ਹਾਂ, ਭੁਲਾ ਦਿੰਦਾ ਅਤੀਤਾਂ ਨੂੰ,
ਕਿਤੇ ਹੈ ਪਰਖਣਾ ਉਸ ਨੂੰ, ਮੈ ਅਪਣੇ ਰੂਬਰੂ ਕਰਕੇ।

ਉਹ ਸਾਨੂੰ ਬੇਵਫਾ ਦੱਸ ਕੇ, ਬਰੀ ਕਰਦੇ ਕਿਵੇਂ ਖ਼ੁਦ ਨੂੰ ,
ਉਨ੍ਹਾਂ ਦੇ ਨਾਲ ਦੇਖਾਂਗੇ ਅਸੀਂ ਵੀ ਗੁਫ਼ਤਗੂ ਕਰਕੇ।

ਤਵਾਇਫ ਦੇਖ ਕੇ ਉਸ ਨੂੰ, ਭਬੂਕਾ ਬਣ ਕੇ ਮਚ ਪੈਂਦੀ,
ਉਹਦੇ ਪੈਰਾਂ ਦੀ ਪਾਇਲ ਨੂੰ, ਗਿਆ ਜੋ ਘੁੰਗਰੂ ਕਰ ਕੇ।



✪

ਮੇਰੇ 'ਚੋਂ ਉਠ ਕੇ ਸਹਿਰਾ, ਮੇਰੇ ਚ ਭਰ ਗਿਆ ਹੈ।
ਉਮਰਾਂ ਦੀ ਪਿਆਸ ਮੇਰੇ ਹੋਠਾਂ ਤੇ ਧਰ ਗਿਆ ਹੈ।

ਔੜਾਂ ਸਹਾਰੀਆਂ ਸੀ, ਮੈਂ ਵੀ ਤਾਂ ਨਾਲ ਉਸ ਦੇ,
ਪਰ ਮੇਘਲਾ ਇਕੱਲਾ ਓਸੇ ਤੇ ਵਰ੍ਹ ਗਿਆ ਹੈ।

ਅਠਖੇਲੀਆਂ ਜੋ ਕਰਦਾ, ਕਲਬੂਤ ਖਿੜਖਿੜਾ ਕੇ,
ਇਸ 'ਚੋਂ ਤਾਂ ਅੰਸ਼ ਮੇਰਾ, ਚਿਰ ਦਾ ਹੀ ਮਰ ਗਿਆ ਹੈ।

ਅੱਖਾਂ 'ਚ ਬਾਲ਼ ਰੱਖੇ ਭਾਂਬੜ ਮੈਂ ਰਾਤ ਸਾਰੀ,
ਫਿਰ ਵੀ ਇਹ ਖ਼ਾਬ ਮੇਰਾ, ਪਾਲ਼ੇ 'ਚ ਠਰ ਗਿਆ ਹੈ।

ਤੇਰੇ ਇਹ ਤਰਕ ਤੋਂ ਤਾਂ, ਇਹ ਲੱਗ ਰਿਹਾ ਹੈ ਮੈਨੂੰ,
ਚਿੜੀਆਂ ਦੇ ਕਾਫਿਲੇ ਤੋਂ, ਇਕ ਬਾਜ਼ ਡਰ ਗਿਆ ਹੈ।

ਕੁਛ ਹੀ ਪਲਾਂ ਦੀ ਕੀਮਤ, ਸਦੀਆਂ ਉਤਾਰ ਆਇਆ,
ਪਾਣੀ ਦੀ ਬੂੰਦ ਖਾਤਰ, ਸਾਗਰ ਉਹ ਤਰ ਗਿਆ ਹੈ।

ਦੇਹੀ ਉਤਾਰ ਕੇ ਵੀ, ਉਹ ਮੰਗਦਾ ਹੈ ਭਟਕਣ,
ਮੁਕਤੀ ਬਗੈਰ ਈਕਣ, ਉਸ ਦਾ ਤਾਂ ਸਰ ਗਿਆ ਹੈ।

ਕਰ ਦਾਨ ਰੌਸ਼ਨੀ ਦਾ, ਨ੍ਹੇਰੇ ਚ ਘੁਲ਼ ਗਿਆ ਉਹ,
ਤੈਨੂੰ ਜਿਤਾਉਣ ਖਾਤਰ, ਬਸ ਰਾਜ ਹਰ ਗਿਆ ਹੈ।

ਜ਼ਿੰਦਗੀ 'ਚੋਂ ਸੁਲਗਦੇ ਜਜ਼ਬਾਤ ਮਨਫੀ ਕਰ ਦਿਓ।
ਦੋਸਤੀ 'ਚੋਂ ਦੁਸ਼ਮਣੀ ਦੀ ਬਾਤ ਮਨਫ਼ੀ ਕਰ ਦਿਓ।

ਬੰਸਰੀ ਦੀ ਤਾਨ ਵਿੱਚੋਂ, ਹੂਕ ਹੀ ਸੁਣਦੀ ਰਹੇ,
ਸਾਜ਼ ਚੋਂ ਇਹ ਰਾਗ ਦਾ ਪਖ਼ਪਾਤ ਮਨਫ਼ੀ ਕਰ ਦਿਓ।

ਮੌਨ ਧਰਤੀ, ਮੌਨ ਅੰਬਰ, ਮੌਨ ਰਹਿੰਦੀ ਹੈ ਫਿਜ਼ਾ,
ਕਹਿਕਿਹਾਂ ਦੀ ਹੋ ਰਹੀ ਬਹੁਤਾਤ ਮਨਫ਼ੀ ਕਰ ਦਿਓ।

ਓਸ ਨੂੰ ਦੇ ਕੇ ਤੁਸੀਂ ਝੂਠੀ ਹੀ ਭਾਵੇਂ ਦਿਲਬਰੀ,
ਅੱਖੀਆਂ 'ਚੋਂ ਹੋ ਰਹੀ, ਬਰਸਾਤ ਮਨਫ਼ੀ ਕਰ ਦਿਓ।

ਉਸ ਦੀਆਂ ਬਾਹਾਂ 'ਚ ਥੋੜਾ ਹੋਰ ਸੌਣਾ ਮੈਂ ਅਜੇ,
ਦੇ ਕੇ ਜ਼ਰਬਾਂ ਰਾਤ ਨੂੰ, ਪਰਭਾਤ ਮਨਫ਼ੀ ਕਰ ਦਿਓ।

ਜਿੱਤ ਕੇ ਵੀ ਜਿੱਤਣਾ, ਤੇ ਹਾਰ ਕੇ ਵੀ ਜਿੱਤਣਾ,
ਰਹਿਬਰੋ ਜੀਵਨ 'ਚੋਂ ਮੇਰੇ, ਮਾਤ ਮਨਫ਼ੀ ਕਰ ਦਿਓ।

ਓਸ ਦਾ ਹਾਸਲ ਬਣੇਗੀ, ਓਸ ਦੀ ਦੀਵਾਨਗੀ,
ਰਾਜ 'ਚੋਂ ਜੇ ਓਸ ਦੀ ਔਕਾਤ ਮਨਫ਼ੀ ਕਰ ਦਿਓ।



ਤਸੀਹੇ ਜਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕੀ।
ਮੁਹੱਬਤ ਕਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕੀ।

ਵਿਚਾਲੇ ਡੁੱਬ ਤਾਂ ਜਾਂਦੇ, ਮਗਰ ਇਹ ਇਸ਼ਕ ਦਾ ਡੂੰਘਾ,
ਸਮੁੰਦਰ ਤਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕੀ।

ਉਲਾਂਭੇ ਦੇਣ ਆ ਜਾਂਦੇ, ਭਰੇ ਪੀਤੇ ਹਕੂਮਤ ਤੋਂ,
ਬੇ-ਮੌਤੇ ਮਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕੀ।

ਖੁਸ਼ੀ ਦੇ ਮੌਕਿਆਂ ਉੱਤੇ, ਤਲ਼ਖ ਬੋਲਾਂ ਨੂੰ ਚੁਣ ਚੁਣ ਕੇ,
ਲਬਾਂ ਤੇ ਧਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕੀ।

ਕਿਸੇ ਦੀ ਕਾਮਯਾਬੀ ਤੇ ਬਿਨਾਂ ਗੱਲੋਂ ਹਸਦ, ਨਫ਼ਰਤ,
ਮਨਾਂ ਵਿਚ ਭਰਨ ਤੋਂ ਪਹਿਲਾਂ, ਕਦੇ ਨਾ ਸੋਚਦੇ ਲੋਕੀ।

ਜਿਨ੍ਹਾਂ ਨੂੰ ਵੋਟ ਪਾ ਕੇ ਹੈ ਬਿਠਾਇਆ ਤਖ਼ਤ ਦੇ ਉੱਤੇ,
ਉਨ੍ਹਾਂ ਤੋਂ ਡਰਨ ਤੋਂ ਪਹਿਲਾਂ ਕਦੇ ਨਾ ਸੋਚਦੇ ਲੋਕੀ।

ਟੁੱਟਿਆ ਹੈ ਇੱਕ ਤਾਰਾ, ਜ਼ਿੰਦਗੀ ਸਹਿਮੀ ਪਈ ਹੈ।
ਕਰ ਗਿਆ ਸੱਜਣ ਕਿਨਾਰਾ, ਜ਼ਿੰਦਗੀ ਸਹਿਮੀ ਪਈ ਹੈ।

ਬੁਲਬੁਲਾਂ ਦੇ ਸ਼ਹਿਰ ਅੰਦਰ ਆ ਗਿਆ ਸ਼ਿਕਰਾ ਅਚਾਨਕ,
ਚੀਕਦਾ ਹੈ ਸ਼ਹਿਰ ਸਾਰਾ, ਜ਼ਿੰਦਗੀ ਸਹਿਮੀ ਪਈ ਹੈ।

ਮੱਛੀਆਂ ਨੂੰ ਕੱਢ ਕੇ ਉਹ, ਧਰ ਗਿਆ ਹੈ ਰੇਤ ਉੱਤੇ,
ਲਹਿਰ ਦਾ ਪਾਣੀ ਅਵਾਰਾ, ਜ਼ਿੰਦਗੀ ਸਹਿਮੀ ਪਈ ਹੈ।

ਉੱਡ ਕੇ ਸ਼ਮਸ਼ਾਨ ਵਿੱਚੋਂ ਜੋ ਮੇਰੀ ਝੋਲੀ ‘ਚ ਡਿੱਗਾ,
ਸੀਤ ਨਾ ਹੁੰਦਾ ਸ਼ਰਾਰਾ, ਜ਼ਿੰਦਗੀ ਸਹਿਮੀ ਪਈ ਹੈ।

ਮਨ ਦੀਆਂ ਪਰਤਾਂ ਦੇ ‘ਚੋਂ ਏਨੇ, ਉੱਠਦੇ ਨੇ ਵਾਵਰੋਲੇ,
ਸਾਂਭਦੇ ਰਹੀਏ ਖਿਲਾਰਾ, ਜ਼ਿੰਦਗੀ ਸਹਿਮੀ ਪਈ ਹੈ।

ਉਮਰ ਲਗਦੈ ਲੰਘ ਜਾਣੀ, ਝੋਰਿਆਂ ਦੇ ਵਿਚ ਸਾਰੀ,
ਵਕਤ ਨਾ ਮਿਲਣਾ ਦੁਬਾਰਾ, ਜ਼ਿੰਦਗੀ ਸਹਿਮੀ ਪਈ ਹੈ।

ਕੱਚ ਦੀ ਦੁਨੀਆਂ ਅਚਾਨਕ ਟੁੱਟ ਕੇ ਹੀ ਬਿਖਰ ਚੱਲੀ,
ਜ਼ਲਜਲਾ ਆਇਆ ਹੈ ਭਾਰਾ, ਜ਼ਿੰਦਗੀ ਸਹਿਮੀ ਪਈ ਹੈ।



ਮੇਰੇ ਆਤਮ ਦਾ ਦੇਹੀ ਨਾਲ ਇਹ ਸੰਗਮ ਅਕਾਰਥ ਹੈ।
ਮੇਰੀ ਦੁਨੀਆ ਨਿਗੂਣੀ ਹੈ, ਮੇਰਾ ਆਲਮ ਅਕਾਰਥ ਹੈ।

ਮੇਰੇ ਸ਼ਬਦਾਂ ਤੇ ਲਾ ਦਿੱਤੇ, ਉਨ੍ਹਾਂ ਕਿੰਨੇਂ ਸ਼ਰ੍ਹਾ, ਫਤਵੇ,
ਮੇਰੇ ਨਗਮੇਂ ਅਕਰਾਥ ਨੇ, ਮੇਰੀ ਸਰਗਮ ਅਕਾਰਥ ਹੈ।

ਤਨਜ਼ ਕੋਈ ਛੁਪੀ ਹੈ ਦੋਸਤਾ ਬੋਲਾਂ ‘ਚ ਤੇਰੇ ਵੀ,
ਮੇਰੇ ਜਖਮਾਂ ‘ਤੇ ਨਾ ਲਾਵੀਂ, ਤੇਰੀ ਮਰਹਮ ਅਕਾਰਥ ਹੈ।

ਸਜ਼ਾ ਭੁਗਤਣ ਤੋਂ ਪਹਿਲਾਂ ਭੇਤ ਸਾਰੇ ਖੋਲ ਹੀ ਦੇਈਏ,
ਖਮੋਸ਼ੀ ਤੋੜ ਹੀ ਦੇਈਏ, ਨਿਰਾ ਸੰਜਮ ਅਕਾਰਥ ਹੈ।

ਦਿਵਾਰਾਂ ਦੇਹ ਦੀਆਂ ਵਿੱਚੋਂ, ਰੂਹ ਆਜ਼ਾਦ ਕਰ ਦੇਵੋ,
ਗੁਲਾਮੀ ਦੀ ਹਵਾ ਅੰਦਰ ਤਾਂ ਲੈਣਾ ਦਮ ਅਕਾਰਥ ਹੈ।

ਅਸਾਡਾ ਜੀਅ ਨਹੀ ਲਗਦਾ, ਅਸੀਂ ਏਥੇ ਨਹੀ ਰਹਿਣਾ,
ਤੁਹਾਡਾ ਸ਼ਹਿਰ ਬਲ਼ਦਾ ਹੈ, ਇਦ੍ਹਾ ਨਾਜ਼ਮ ਅਕਾਰਥ ਹੈ।

ਮੇਰਾ ਅੰਬਰ ਅਧੂਰਾ ਹੈ, ਮੇਰੀ ਸੀਮਤ ਉਡਾਰੀ ਹੈ।
ਕਿ ਮੇਰੇ ਆਲ੍ਹਣੇ ਉੱਤੇ, ਨਿਗ੍ਹਾ ਰਖਦਾ ਸ਼ਿਕਾਰੀ ਹੈ।

ਪੁਸ਼ੀਦਾ ਭੇਤ ਕਹਿ ਗਈਆਂ, ਕਈ ਲਾਸ਼ਾ ਜੋ ਅੱਧਸੜੀਆਂ,
ਇਨ੍ਹਾਂ ਸਿਵਿਆਂ 'ਚੋਂ ਬਾਲਣ ਦੀ ਬੜੀ ਚੋਰੀ ਚਕਾਰੀ ਹੈ।

ਜਫ਼ਾ ਨੇ ਧੁੰਦਲ਼ਾ ਕੀਤਾ, ਅਕਸ ਮਹਿਬੂਬ ਮੇਰੇ ਦਾ,
ਮਿਰੇ ਜਖ਼ਮਾਂ ਦੇ ਦਰਪਣ ਨੇ, ਉਦ੍ਹੀ ਸੂਰਤ ਨਿਖ਼ਾਰੀ ਹੈ।

ਖੜ੍ਹੇ ਦਿਸਹੱਦਿਆਂ ਉੱਪਰ, ਬੁਲਾਉਂਦੇ ਰਹਿਣ ਜੋ ਸਾਨੂੰ,
ਦੁਆਲ਼ੇ ਕੈਦ ਵੀ ਸਾਡੇ, ਉਨ੍ਹਾਂ ਨੇ ਹੀ ਉਸਾਰੀ ਹੈ।

ਬਹਾਰਾਂ ਨਾਲ ਨਾ ਬਣਦੀ, ਜਿਨ੍ਹਾਂ ਦੀ ਮੁੱਢ ਕਦੀਮਾਂ ਤੋਂ,
ਉਨ੍ਹਾਂ ਨੇ ਜ਼ਿੰਦਗੀ ਸਾਰੀ, ਖਿਜ਼ਾਂ ਵਿਚ ਹੀ ਗੁਜ਼ਾਰੀ ਹੈ।

ਤਰਲ ਹੋ ਕੇ ਉਹ ਵਗ ਤੁਰਿਆ, ਕਿਸੇ ਤੋਂ ਸਾਂਭ ਨਾ ਹੋਵੇ,
ਅਸੀਂ ਬਸ ਪੁੱਛਿਆ ਏਨਾਂ, ਤੜਪ ਕਿੱਦਾਂ ਸਹਾਰੀ ਹੈ।

ਮੁਹੱਬਤ ਦੀ ਅਣੋਖੀ 'ਰਾਜ' ਨੇ ਇਕ ਬਾਤ ਪਾਈ ਹੈ,
ਢਕੀ ਹੋਈ ਜੋ ਫੁੱਲਾਂ ਨੇ, ਇਹ ਨਾਗਾਂ ਦੀ ਪਟਾਰੀ ਹੈ।



ਰੂਹਾਂ ਦਾ ਮੇਲ਼ ਹੋਣੈ, ਰੁਤਬੇ ਮਿਟਾ ਕੇ ਆਵੀਂ।
ਆਉਣੈ ਜੇ ਕੋਲ ਮੇਰੇ, ਖ਼ੁਦ ਨੂੰ ਭੁਲਾ ਕੇ ਆਵੀਂ।

ਮੇਰੀ ਨਾ ਥਾਹ ਪਵੇਗੀ, ਕੰਢੇ ਤੇ ਖੜ੍ਹ ਕੇ ਤੈਨੂੰ,
ਬੇੜੀ ਦਾ ਦਾਨ ਕਰਕੇ, ਆਪਾ ਡੁਬਾ ਕੇ ਆਵੀਂ।

ਪੌਣਾਂ ਦੇ ਖੰਭ ਲੈ ਕੇ, ਏਧਰ ਉਡਾਨ ਭਰ ਲੈ,
ਅੰਬਰ ਦੀ ਓਟ ਕਰਕੇ, ਸ਼ਬਨਮ 'ਚ ਨ੍ਹਾ ਕੇ ਆਵੀਂ।

ਮਨ ਦਾ ਤੂੰ ਸ਼ੋਰ ਸਾਰਾ, ਝੋਲੀ ਮੇਰੀ 'ਚ ਪਾ ਦੇਹ,
ਮੇਰੇ ਖਲਾਅ ਦੇ ਅੰਦਰ, ਝਾਂਜਰ ਨੂੰ ਲ੍ਹਾ ਕੇ ਆਵੀਂ।

ਧਰਤੀ ਦੇ ਜ਼ਖ਼ਮ ਸੀਂ ਕੇ, ਕਰਜ਼ੇ ਉਤਾਰ ਸਾਰੇ,
ਅਰਸ਼ਾਂ ਤੋਂ ਲੈ ਸਿਤਾਰੇ, ਸਾਰੇ ਲੁਟਾ ਕੇ ਆਵੀਂ।

ਸਹਿਰਾ 'ਚ ਘੁਲ਼ ਗਿਆ ਹਾਂ, ਤੈਨੂੰ ਉਡੀਕਦਾ ਮੈਂ,
ਪੈਰਾਂ ਨੂੰ ਸੇਕ ਡਾਢ੍ਹਾ, ਸਹਿਣਾ ਸਿਖਾ ਕੇ ਆਵੀਂ।

ਮੈਨੂੰ ਵਿਗੋਚਿਆਂ ਦੀ, ਆਦਤ ਹੀ ਪੈ ਗਈ ਹੈ,
ਤੂੰ ਰਾਜ ਡਰ ਨਾ ਏਨਾ, ਭਾਵੇਂ ਨਾ ਜਾ ਕੇ ਆਵੀਂ।

ਨ੍ਹੇਰੇ ਦੀ ਹੱਦ ਅੰਦਰ, ਰਹਿੰਦੇ ਚਿਰਾਗ ਰੁਲ਼ਦੇ।
ਕਿੰਨੇ ਹੀ ਫੁੱਲ ਰੋਂਦੇ, ਕਿੰਨੇ ਹੀ ਬਾਗ ਰੁਲ਼ਦੇ।

ਬਿਰਖਾਂ ਦੇ ਬੀਜ਼ ਬੀਜੇ, ਉੱਗੇ ਕਟਾਰ, ਖੰਜ਼ਰ,
ਕਿੰਨੇ ਹੀ ਜਖ਼ਮ ਰਿਸਦੇ, ਕਿੰਨੇ ਹੀ ਦਾਗ਼ ਰੁਲ਼ਦੇ।

ਕਾਤਲ ਦੇ ਨਾਲ ਜਾ ਕੇ, ਕਾਜ਼ੀ ਵੀ ਰਲ਼ ਗਿਆ ਹੈ,
ਝੂਠੇ ਗਵਾਹ ਨੇ ਸਾਰੇ, ਫਿਰਦੇ ਸੁਰਾਗ ਰੁਲ਼ਦੇ।

ਨਾਰਾਂ ਨੇ ਘੋਲ਼ ਘੱਤੀ, ਮਹਿੰਦੀ ਬਰੂਦ ਵਾਲੀ,
ਲਾਸ਼ਾਂ ਦਾ ਰੂਪ ਧਰ ਕੇ, ਹੁਣ ਤਾਂ ਸੁਹਾਗ ਰੁਲ਼ਦੇ।

ਬੇਹੁਰਮਤੀ ਦੀ ਮੌਤੇ, ਸੰਗੀਤ ਮਰ ਗਿਆ ਹੁਣ,
ਸਾਜ਼ੀ ਦੇ ਸਾਜ ਰੁੱਸੇ, ਰਾਗੀ ਦੇ ਰਾਗ ਰੁਲ਼ਦੇ।



ਝੂਠ ਨੂੰ ਫੜ ਕੇ ਤਖ਼ਤ ਬਿਠਾਇਆ, ਖੁਲ੍ਹਮ ਖੁਲ੍ਹਾ।
ਸੱਚ ਉਨ੍ਹਾਂ ਨੇ ਮਾਰ ਮੁਕਾਇਆ, ਖੁਲ੍ਹਮ ਖੁਲ੍ਹਾ।

ਰੋਂਦੀ ਅਬਲਾ, ਅਸਮਤ ਹੋਈ ਲੀਰੋ ਲੀਰ,
ਦਿਨ ਚਿੱਟੇ ਨੇ ਨ੍ਹੇਰ ਮਚਾਇਆ, ਖੁਲ੍ਹਮ ਖੁਲ੍ਹਾ।

ਰੋਟੀ ਖਾਤਰ ਅਪਣੇ ਪੁਤ ਦਾ ਨੌਕਰ ਹਾਂ,
ਬਿਰਧ ਪਿਤਾ ਨੇ ਆਖ ਸੁਣਾਇਆ ਖੁਲ੍ਹਮ ਖੁਲ੍ਹਾ।

ਸ਼ਹਿਰੋਂ ਪੜ ਕੇ ਸਿਖ ਆਏ ਉਹ ਢੰਗ ਨਵੇਂ,
ਆ ਕੇ ਸਾਰਾ ਪਿੰਡ ਲੜਾਇਆ, ਖੁਲ੍ਹਮ ਖੁਲ੍ਹਾ।

ਤਿੰਨ ਗੁਣਾ ਇਸ ਧਰਤੀ ਉੱਪਰ ਪਾਣੀ ਹੈ,
ਫਿਰ ਵੀ ਪਾਣੀ ਵਿਕਣੇ ਆਇਆ, ਖੁਲ੍ਹਮ ਖੁਲ੍ਹਾ।

ਪੰਡਤ, ਕਾਜ਼ੀ, ਭਾਈ, ਹੱਸਣ ਮੁਸਕੜੀਏਂ,
ਦੇਖ ਲਿਆ ਇਕ ਹੁਸਨ ਪਰਾਇਆ ਖੁਲ੍ਹਮ ਖੁਲ੍ਹਾ।

ਉਸ ਨੇ ਅਪਣੇ ਹੱਕ ਕਿਵੇਂ ਨੇ ਮੰਗ ਲਏ,
ਉਸ ਨੂੰ ਜਾਣਾ ਫਾਂਸੀ ਲਾਇਆ ਖੁਲਮ ਖੁਲ੍ਹਾ।

ਏਧਰ ਨਾਲੋਂ ਓਧਰ ਜਾਣਾ ਬਿਹਤਰ ਹੈ,
ਰਹਿਬਰ ਨੇ ਏਹੋ ਸਮਝਾਇਆ ਖੁਲਮ ਖੁਲ੍ਹਾ।

ਮੈਂ ਭੁੱਖਾ, ਪਰ ਮੇਰੀ ਕਿਰਤ ਨੂੰ ਦੁਧ, ਮੇਵੇ,
ਬੁਤਘਾੜੇ ਇਲਜ਼ਾਮ ਲਗਾਇਆ ਖੁਲਮ ਖੁਲ੍ਹਾ।

ਇਸ਼ਕ ਚੁਆਤੀ ਲਾ ਕੇ ਪਤਰਾ ਵਾਚ ਗਿਐ,
ਸਾਨੂੰ ਧੂਣੀ ਵਾਂਗ ਧੁਖਾਇਆ ਖੁਲਮ ਖੁਲ੍ਹਾ।

ਹਸਦੇ ਹਸਦੇ ਇਕ ਦਮ ਅੱਖਾਂ ਭਰ ਲੈਂਦਾ,
ਰਾਜ ਨੂੰ ਸੱਜਣ ਨੇ ਠੁਕਰਾਇਆ ਖੁਲ੍ਹਮ ਖੁਲ੍ਹਾ।

ਬੇਦਾਰ ਹੋ ਕੇ ਵਰ੍ਹਿਆ, ਬੱਦਲ਼ ਨੇ ਚੁੱਪ ਤੋੜੀ।
ਅੱਖੀਆਂ ਨੇ ਦੁੱਖ ਦੱਸੇ, ਕੱਜਲ ਨੇ ਚੁੱਪ ਤੋੜੀ।

ਆਏ ਜੋ ਲੋਕ ਅੰਦਰ, ਸਾਰੇ ਹੀ ਓਪਰੇ ਨੇ,
ਪੈੜਾਂ ਪਛਾਣ ਚੁੱਕੀ ਸਰਦਲ ਨੇ ਚੁੱਪ ਤੋੜੀ।

ਮੁੜ ਨਾ ਨਸੀਬ ਹੋਈ, ਕਾਲ਼ੇ ਦਿਨਾਂ ਦੀ ਰੌਣਕ,
ਸਮਿਆਂ ਨੂੰ ਮਾਰ ਮਿਹਣਾ, ਮਕਤਲ ਨੇ ਚੁੱਪ ਤੋੜੀ।

ਸੀਨੇ ਦੀ ਅੱਗ ਤੇਰੀ, ਮੇਰੇ 'ਚ ਬਲ਼ ਪਵੇ ਨਾ,
ਮੈਨੂੰ ਸੁਣਾ ਕੇ ਆਖ਼ਰ, ਜੰਗਲ ਨੇ ਚੁੱਪ ਤੋੜੀ।

ਮੇਘਾਂ ਦੀ ਗਰਜਣਾਂ ਤੇ, ਪੌਣਾਂ ਦੀ ਹੂਕ ਬਣ ਕੇ,
ਲਗਦਾ ਹੈ ਅੱਜ ਮੁਰਸ਼ਦ, ਕਾਮਲ ਨੇ ਚੁੱਪ ਤੋੜੀ।



ਜੀਅ ਦਾ ਹੈ ਜੰਜਾਲ ਮੁਹੱਬਤ।
ਪਰ ਨਾ ਹੁੰਦੀ ਟਾਲ਼ ਮਹੱਬਤ।

ਖੁਸ਼ੀਆਂ ਖੇੜੇ ਵਿੱਸਰ ਜਾਂਦੇ,
ਕਰਦੀ ਮੰਦੇ ਹਾਲ ਮੁਹੱਬਤ।

ਪਰਵਾਨ ਚੜ੍ਹੇ ਤਾਂ ਫੁੱਲ ਬਣੇਂ,
ਊਂ ਬਣਦੀ ਵਿਕਰਾਲ ਮੁਹੱਬਤ।

ਕਈਆਂ ਨੂੰ ਸ਼ਮਸ਼ੀਰ ਬਰੋਬਰ,
ਕਈਆਂ ਨੂੰ ਹੈ ਢਾਲ਼ ਮੁਹੱਬਤ।

ਗ਼ਮ ਹੀ ਚੰਗਾ, ਸਾਥ ਨਿਭਾਉਂਦੇ,
ਚਲਦੀ ਨਹੀਓਂ ਨਾਲ ਮੁਹੱਬਤ।

ਸੁਰ ਸਰਗ਼ਮ ਗੀਤਾਂ ਦੀ ਬਣਦੀ,
ਜੀਵਨ ਦੀ ਲੈਅ ਤਾਲ ਮੁਹੱਬਤ।

ਨਾਂਹ ਨੁਕਰ ਜਿਹੀ ਕਰਦੇ ਲੋਕੀ,
ਕਰ ਲੈਂਦੇ ਤਤਕਾਲ ਮੁਹੱਬਤ।

ਰਾਜ ਨ ਛਡਿਆ ਕਾਸੇ ਜੋਗਾ,
ਕਰ ਜੁ ਗਈ ਕੰਗਾਲ ਮੁਹੱਬਤ।

ਕਿਤੇ ਉਹ ਸੋਚ ਲੈਂਦਾ ਜੇ, ਨਫ਼ੇ ਨੁਕਸਾਨ ਤੋਂ ਅੱਗੇ।
ਮੁਹੱਬਤ ਫੇਰ ਲੈ ਜਾਂਦੀ, ਉਨੂੰ ਅਸਮਾਨ ਤੋਂ ਅੱਗੇ।

ਉਦ੍ਹੇ ਨੈਣਾਂ ਚੋਂ ਸੁਰਗਾਂ ਦਾ, ਨਜ਼ਾਰਾ ਰੋਜ਼ ਕਰ ਲੈਨਾਂ,
ਮੇਰੇ ਤੋਂ ਜਾ ਨਹੀ ਹੁੰਦਾ, ਉਦ੍ਹੀ ਮੁਸਕਾਨ ਤੋਂ ਅੱਗੇ।

ਕਲਮ ਤੇਰੀ ਨਿਰੇ ਸ਼ਾਹੀ ਕਸੀਦੇ ਹੀ ਲਿਖੀ ਜਾਂਦੀ,
ਕਿਵੇਂ ਤੂੰ ਲੰਘ ਜਾਵੇਂਗਾ, ਕਿਸੇ ਵਿਦਵਾਨ ਤੋਂ ਅੱਗੇ !

ਡਰਾ ਸਕਿਆ ਨ ਉਹ ਮੈਨੂੰ, ਫੜਾ ਕੇ ਮੌਤ ਦਾ ਫਤਵਾ,
ਕਰੇ ਹੁਣ ਹੋਰ ਕੀ ਜਾਰੀ, ਉਹ ਇਸ ਫੁਰਮਾਨ ਤੋਂ ਅੱਗੇ।

ਯਰਾਨਾ ਤੋੜ ਕੇ ਦਿਲਬਰ, ਬਿਹੁਰਮਤ ਕਰ ਗਿਆ ਮੈਨੂੰ,
ਮੇਰਾ ਅਪਮਾਨ ਕੀ ਹੋਣਾ ਹੈ ਇਸ ਅਪਮਾਨ ਤੋਂ ਅੱਗੇ।

ਮੈਂ ਰਹਿਬਰ ਦੇ ਭੁਲੇਖੇ ਹੀ, ਜਿਦ੍ਹੇ ਅੱਗੇ ਰਿਹਾ ਝੁਕਦਾ,
ਅਜੇ ਹੈ ਲੰਘਣਾ ਬਾਕੀ, ਉਦ੍ਹਾ ਇਨਸਾਨ ਤੋਂ ਅੱਗੇ।

ਉਹ ਕਹਿੰਦਾ ਸੀ ਮੈਂ ਜਾਣਾ ਹੈ ਦੁਮੇਲੋਂ ਪਾਰਲੇ ਪਾਸੇ,
ਮਗਰ ਉਹ ਜਾ ਨਹੀ ਸਕਿਆ ਸੀ ਕਬਰਸਤਾਨ ਤੋਂ ਅੱਗੇ।

ਹਵੇਲੀ ਕਰ ਗਈ ਤਾਂਡਵ, ਅਨੇਕਾਂ ਝੁੱਗੀਆਂ ਉੱਤੇ,
ਵਧੇ ਨਾ 'ਰਾਜ' ਪਰ ਲੋਕੀ, ਕਦੇ ਚੁਪਚਾਨ ਤੋਂ ਅੱਗੇ।



ਤਿਨ ਪਹਿਰ ਰਾਤ ਮੇਰੀ, ਯਾਦਾਂ ਚ ਲੰਘਦੀ ਹੈ।
ਇਕ ਪਹਿਰ ਨੀਂਦ ਆ ਕੇ, ਸੁਪਨੇ ਵੀ ਮੰਗਦੀ ਹੈ।

ਮੈਂ ਇਸ਼ਕ ਦੇ ਥਲਾਂ ਵਿਚ, ਆਪਾ ਗਵਾ ਲਿਆ ਹੁਣ,
ਹਰਸ਼ਾਂ ਦੀ ਲੋਅ ਤਪਾ ਕੇ, ਹਿਰਦੇ ਨੂੰ ਚੰਡਦੀ ਹੈ।

ਏਸੇ ਮੁਗਾਲਤੇ ਵਿਚ, ਹਾਰੀ ਹੈ ਮੈਂ ਮੁਹੱਬਤ,
ਕਿਹੜਾ ਭਲਾ ਲੜਾਈ, ਤੀਰੋ -ਤੁਫੰਗ ਦੀ ਹੈ।

ਇਸ ਬੇ-ਚਿਰਾਗ ਘਰ ਚੋਂ, ਛਣਕੀ ਹੈ ਵੰਗ ਕਿੱਦਾਂ,
ਵੀਣ੍ਹੀ ਕਿਸੇ ਦੀ ਸ਼ਾਇਦ, ਡਰ ਨਾਲ ਕੰਬਦੀ ਹੈ।

ਸੀਨੇ 'ਚ ਲਾਟ ਬਣਕੇ ਬਲ਼ਦੇ ਕਰਾਰ ਉਸ ਦੇ,
ਮੇਰੇ ਕਰੀਬ ਆਉਣੋਂ ਅਗਨੀ ਵੀ ਸੰਗਦੀ ਹੈ।

ਜਿਹਨਾਂ ਦੇ ਨਾਲ ਖਹਿ ਕੇ, ਦਿਨ ਰਾਤ ਮਹਿਕਦੀ ਸੀ,
ਹੁਣ ਰਾਜ ਉਹ ਹਵਾ ਵੀ, ਫੁੱਲਾਂ ਨੂੰ ਭੰਡਦੀ ਹੈ।

ਤੁਸੀਂ ਡੋਲੀ ਸਜਾਉਣੀ ਹੈ, ਅਸੀਂ ਅਰਥੀ ਸਜਾਉਣੀ ਹੈ।
ਭਲਾ ਕੀ ਦੋਸ਼ ਫੁੱਲਾਂ ਦਾ, ਜਿਨ੍ਹਾਂ ਹਸਤੀ ਗਵਾਉਣੀ ਹੈ।

ਅਲਖ਼ ਕਿੱਦਾਂ ਜਗਾ ਦੇਵਾਂ, ਉਦ੍ਹੇ ਦਰ ਤੇ ਦੁਬਾਰਾ ਮੈਂ,
ਪਤਾ ਹੈ, ਓਸ ਨੇ ਮੈਨੂੰ, ਗਮਾਂ ਦੀ ਖੈਰ ਪਾਉਣੀ ਹੈ।

ਹਨੇਰੇ ਵਿੱਚ ਵੀ ਗੁਲਸ਼ਨ ਕਿਤੇ ਲੁਕਿਆ ਨਹੀ ਸਾਥੋਂ,
ਅਸੀਂ ਪਰ ਜਾਗਦੇ ਫੁੱਲਾਂ ਦੀ ਖੁਸ਼ਬੂ ਹੀ ਚੁਰਾਉਣੀ ਹੈ।

ਅਗਰ ਠੁਕਰਾ ਗਿਓਂ ਸਾਨੂੰ, ਅਸੀਂ ਪੱਥਰ ਹੋ ਜਾਵਾਂਗੇ,
ਤੇਰੇ ਬਾਝੋਂ ਅਸੀਂ ਫਿਰ ਕੇਸ ਨੂੰ ਵੇਦਨ ਸੁਣਾਉਣੀ ਹੈ।

ਕੁਫ਼ਰ ਨੂੰ ਸਿਰ ਨਿਵਾ ਦਿੱਤਾ, ਉਦੋਂ ਬਾਗੀ ਮਸੀਹੇ ਨੇ,
ਜਦੋਂ ਇਹ ਦੇਖਿਆ ਪੈਣੀ ਹਯਾਤੀ ਵੀ ਮਿਟਾਉਣੀ ਹੈ।

ਅਗਰ ਨਜ਼ਦੀਕ ਆਏ ਤਾਂ, ਮੇਰੇ ਜ਼ਜਬਾਤ ਸੁਲਗਣਗੇ,
ਉਨ੍ਹਾਂ ਕਦ ਮੰਨਣੀ ਮੇਰੀ, ਉਨ੍ਹਾਂ ਅਪਣੀ ਮਨਾਉਣੀ ਹੈ।



ਸੁਪਨੇ 'ਚ ਰਾਤ ਜਿਹੜਾ ਮੈਂ ਫੁੱਲ ਸੀ ਖਿੜਾਇਆ।
ਚੜ੍ਹਦੀ ਸਵੇਰ ਮੈਥੋਂ, ਉਹ ਹੋ ਗਿਆ ਪਰਾਇਆ।

ਪੌਣਾਂ ਦੀ ਬੇਰੁਖੀ ਤੋਂ, ਬਿਰਖਾਂ ਦੇ ਪੱਤ ਰੋਏ,
ਜ਼ਾਲਿਮ ਹਵਾ ਦਾ ਬੁੱਲ੍ਹਾ ਬਣਕੇ ਹੈ ਮੌਤ ਆਇਆ।

ਰੁਲ਼ਦੇ ਮੁਸਾਫਿਰਾਂ ਦਾ, ਕਰਕੇ ਲਿਹਾਜ਼ ਉਸ ਨੇ,
ਪੈਰਾਂ ਦੇ ਜ਼ਖਮ ਛਿੱਲੇ, ਰਸਤੇ 'ਚ ਲੂਣ ਪਾਇਆ।

ਬਲ਼ਦਾ ਚਿਰਾਗ ਰਹਿੰਦਾ, ਥੋੜੇ ਹੀ ਦੂਰ ਮੈਥੋਂ,
ਨਾ ਰੌਸ਼ਨੀ ਮੁਕੰਮਲ, ਨਾ ਹੀ ਹਨੇਰ ਛਾਇਆ।

ਅਪਣੇ ਹੀ ਅੰਦਰੋਂ ਮੈਂ, ਮੋਤੀ ਕਿਵੇਂ ਚੁਗਾਂ ਹੁਣ,
ਮੇਰੇ 'ਚ ਹੰਸ ਦੀ ਥਾਂ, ਸ਼ਿਕਰਾ ਹੈ ਆ ਸਮਾਇਆ।

ਉਹ ਅੱਗ ਪੀ ਗਿਆ ਜੋ ਮੈਨੂੰ ਜਲਾਉਣ ਆਈ,
ਉਸ ਦਾ ਇਹ ਕਰਜ਼ ਮੈਥੋਂ, ਜਾਂਦਾ ਨਹੀ ਚੁਕਾਇਆ।

ਇਹ ਤਾਂਘ ਇਹ ਤਸੱਵਰ, ਹੈ ਰਾਜ ਦੀ ਹੀ ਖਾਤਰ,
ਧਰਤੀ ਦੀ ਮਾਂਗ ਅੰਦਰ ਮੈਂ ਚੰਦ ਹੈ ਸਜਾਇਆ।

ਮੇਰਾ ਸੂਰਜ਼ ਨਾ ਚੜ੍ਹਦਾ ਹੈ ਮੇਰਾ ਸੂਰਜ਼ ਨਾ ਲਹਿੰਦਾ ਹੈ।
ਨਾ ਮੇਰੇ ਰਾਤ ਆਉਂਦੀ ਹੈ, ਨਾ ਮੇਰੇ ਦਿਨ ਹੀ ਰਹਿੰਦਾ ਹੈ।

ਬਿਗਾਨੇ ਆਖ ਦੇਵਾਂ ਮੈਂ, ਉਨ੍ਹਾ ਲੋਕਾਂ ਨੂੰ ਹੁਣ ਕਿੱਦਾਂ,
ਕੁਈ ਅਪਣਾ ਮੇਰਾ ਜਾ ਕੇ, ਉਨ੍ਹਾਂ ਲੋਕਾਂ 'ਚ ਬਹਿੰਦਾ ਹੈ।

ਇਹਨੂੰ ਗੁੜ੍ਹਤੀ ਥਲਾਂ ਦੀ ਹੈ, ਇਹਦਾ ਹਰ ਫੁੱਲ ਹੈ ਧੁਖ਼ਦਾ,
ਘਟਾਵਾਂ ਤੋਂ ਚਮਨ ਮੇਰਾ, ਬੜਾ ਹੀ ਦੂਰ ਪੈਂਦਾ ਹੈ।

ਜ਼ਮੀਂ ਤੋਂ ਅੰਬਰਾਂ ਤੀਕਰ, ਜੋ ਮੈਨੂੰ ਫੈਲਿਆ ਦਿਸਦਾ,
ਖ਼ੁਦਾਯਾ ਉਹ ਬਸ਼ਰ ਖ਼ੁਦ ਨੂੰ ਅਜੇ ਕਿਣਕਾ ਹੀ ਕਹਿੰਦਾ ਹੈ।

ਬੁਝੇ ਨਾ ਮੌਤ ਕੋਲੋਂ ਵੀ, ਅਸੀਂ ਜੋ ਬਾਲਿਆ ਦੀਵਾ,
ਇਹ ਜੇਰੇ ਨਾਲ ਬਲ਼ਦਾ ਹੈ, ਹਵਾ ਦੇ ਨਾਲ ਖਹਿੰਦਾ ਹੈ।



ਹਨੇਰਾ ਰਹਿਣ ਨਾ ਦੇਣਾ ਮੈਂ ਸ਼ਹਿਰਾਂ ਕਸਬਿਆਂ ਅੰਦਰ।
ਭਰਾਂਗਾ ਰੌਸ਼ਨੀ ਏਨੀ, ਚਿਰਾਗਾਂ ਬਲ਼ਦਿਆਂ ਅੰਦਰ।

ਪਤਾ ਮੰਜ਼ਲ ਦਾ ਦੇਣਾ ਮੈਂ, ਉਨ੍ਹਾਂ ਗਾਫ਼ਲ ਗਵਾਰਾਂ ਨੂੰ,
ਮੁਸਾਫਿਰ ਭਟਕਦੇ ਫਿਰਦੇ ਅਜੇ ਜੋ ਰਸਤਿਆਂ ਅੰਦਰ।

ਜਦੋਂ ਸੂਲੀ ਚੜ੍ਹਾਵਣਗੇ, ਸਰੇ-ਬਾਜ਼ਾਰ ਉਹ ਮੈਨੂੰ,
ਉਦੋਂ ਬੇ-ਪਰਦ ਹੋ ਜਾਣੇ, ਲੁਕੇ ਜੋ ਪਰਦਿਆਂ ਅੰਦਰ।

ਮਨੂ ਦੀ ਸੋਚਣੀ ਲੈ ਕੇ, ਮਸੀਹੇ ਫੇਰ ਆਏ ਨੇ,
ਅਸੀਂ ਹੁਣ ਵੰਡ ਨਾ ਹੋਣਾ, ਦੁਬਾਰਾ ਦਰਜ਼ਿਆਂ ਅੰਦਰ।

ਅਗਰ ਮੌਕਾ ਮਿਲੇ ਮੈਨੂੰ, ਮੈਂ ਅਪਣੇ ਦੋਸਤਾਂ ਖਾਤਰ,
ਖ਼ੁਸ਼ੀ ਦੇ ਪਲ ਸਜਾ ਦੇਵਾਂ, ਗਮਾਂ ਦੇ ਵਕਫ਼ਿਆਂ ਅੰਦਰ।

ਮਸੀਤਾਂ ਮੰਦਰਾਂ ਅੰਦਰ, ਜਿਹਦਾ ਹੁਣ ਠਾਠ ਹੈ ਸ਼ਾਹੀ,
ਕਿ ਰਹਿਣਾ ਛੱਡ ਦਿੱਤਾ ਹੈ, ਮੈਂ ਉਹਦੇ ਸਜਦਿਆਂ ਅੰਦਰ।

ਉਹਨਾਂ ਦਾ ਲੱਭ ਕੇ ਸੂਰਜ, ਉਨ੍ਹਾਂ ਦੇ ਘਰ ਪੁਚਾ ਆਵਾਂ,
ਮਤੇ ਫਿਰ ਜਾਨ ਪੈ ਜਾਵੇ, ਉਹ ਲੋਕਾਂ ਮਰਦਿਆਂ ਅੰਦਰ।

ਤੁਰੇ ਫਿਰ ਆਉਣਗੇ ਲੋਕੀ, ਸਲੀਬਾਂ ਰੱਖ ਮੋਢੇ ਤੇ,
ਨਵੇਲੇ ਰੰਗ ਭਰਨੇ ਮੈਂ, ਉਹਨਾਂ ਦੇ ਜ਼ਜਬਿਆਂ ਅੰਦਰ।

ਪਿਲੱਤਣ ਚਿਹਰਿਆਂ ਦੀ ਰਾਜ ਆ ਕੇ ਸੁਰਖ਼ ਕਰ ਜਾਵੀ,
ਤਮੰਨਾਂ ਜਿੱਤ ਦੀ ਭਰ ਜਾਹ, ਤੂੰ ਲੋਕਾਂ ਹਰਦਿਆਂ ਅੰਦਰ।

ਮੰਗੇ ਉਹ ਜਾਨ ਮੇਰੀ, ਬਣਕੇ ਨਦਾਨ ਮੰਗੇ।
ਮੈਥੋਂ ਮੇਰੀ ਮੁਹੱਬਤ ਹੀ ਇਮਤਿਹਾਨ ਮੰਗੇ।

ਤਾਰੇ ਦੀ ਝਲਕ ਤੇ ਹੀ, ਸੰਤੁਸ਼ਟ ਹੋ ਗਿਆ ਜੋ,
ਮੈਂ ਲੋਚਦਾ ਸੀ ਮੈਥੋਂ, ਉਹ ਆਸਮਾਨ ਮੰਗੇ।

ਹੁਣ ਓਸ ਦੀ ਨਿਸ਼ਾਨੀ, ਤੜਪਾ ਰਹੀ ਹੈ ਮੈਨੂੰ,
ਖ਼ੁਦ ਹੀ ਮੈਂ ਮੌਤ ਦੇ ਸੀ ਉਸ ਤੋਂ ਸਮਾਨ ਮੰਗੇ।

ਉਹ ਪਾਕ-ਸਾਫ ਏਨਾਂ, ਉਸ ਦੀ ਅਦਾ ਤਾਂ ਦੇਖੋ,
ਲਾਉਣਾ ਮੇਰਾ ਨਿਸ਼ਾਨਾ, ਮੇਰੀ ਕਮਾਨ ਮੰਗੇ।

ਜੋਗੀ ਦਾ ਰੂਪ ਧਰ ਕੇ, ਦਰ ਓਸ ਦੇ ਗਿਆ ਮੈਂ,
ਮੇਰੇ ਦਿਦਾਰ ਦਾ ਉਹ, ਮੈਥੋਂ ਹੀ ਦਾਨ ਮੰਗੇ।

ਉਸ ਦੀ ਜ਼ੁਬਾਨ ਤੇ ਨਾ , ਆਇਆ ਸਵਾਲ ਜਿਹੜਾ ,
ਉਸ ਦਾ ਜਵਾਬ ਮੈਥੋਂ ਹੋ ਕੇ ਹਰਾਨ ਮੰਗੇ।



ਮੁਹੱਬਤ ਜੇ ਕਰੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ।
ਕਿ ਜਿਉਂਦੇ ਜੀ ਮਰੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ।

ਤੇਰਾ ਹੀ ਆਪਣਾ ਕੋਈ, ਤੇਰੀ ਹਰ ਚਾਲ ਤੋਂ ਵਾਕਫ਼,
ਹਰਿਕ ਬਾਜ਼ੀ ਹਰੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ।

ਗਮਾਂ ਦੀ ਬਾਤ ਜੇ ਪਾਉਣੀ, ਸਦਾ ਮੁਸਕਾ ਕੇ ਹੀ ਪਾਵੀਂ,
ਅਗਰ ਹੌਕੇ ਭਰੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ।

ਅਵੱਲਾ ਰੋਗ ਇਸ਼ਕੇ ਦਾ, ਯੁਗਾਂ ਤੋਂ ਬੇ-ਇਲਾਜ਼ਾ ਹੈ,
ਕਿਵੇਂ ਪੀੜਾਂ ਜਰੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ।

ਉਛਾਲੇ ਮਾਰਦਾ ਰਹਿਣਾ, ਸਮੁੰਦਰ ਅੰਦਰੋਂ ਤੇਰੇ,
ਕਿਨਾਰਾ ਹੋ ਖਰ੍ਹੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ।

ਹਰਾਰਤ ਹਿਜ਼ਰ ਦੀ ਸੁਣਿਐ, ਕਿ ਹੁੰਦੀ ਮੌਸਮੋਂ ਉਲਟੀ,
ਹੁਨਾਲਾਂ ਵਿੱਚ ਠਰੇਂਗਾ ਤੂੰ, ਕਿਸੇ ਦਾ ਕੁਛ ਨਹੀ ਜਾਣਾ।

✪

ਸੁਨੱਖੇ ਚਿਹਰਿਆਂ ਦੀ ਗੱਲ ਚੱਲੀ।
ਤਾਂ ਜਲਵੇ ਤੇਰਿਆਂ ਦੀ ਗੱਲ ਚੱਲੀ।

ਨੂਰਾਨੀ ਮੁੱਖੜਾ ਇਕ ਯਾਦ ਆਇਆ,
ਜਦੋਂ ਵੀ ਨ੍ਹੇਰਿਆਂ ਦੀ ਗੱਲ ਚੱਲੀ।

ਅਸੀਂ ਹੱਸ ਕੇ ਜਦੋਂ ਸੂਲੀ ਚੜ੍ਹੇ ਤਾਂ,
ਇਹ ਨਿੱਗਰ ਜੇਰਿਆਂ ਦੀ ਗੱਲ ਚੱਲੀ।

ਛਿੜੇ ਜਦ ਉਸ ਦਿਆਂ ਜ਼ੁਲਮਾਂ ਦੇ ਕਿੱਸੇ,
ਤੇ ਸਿਰੜਾਂ ਮੇਰਿਆਂ ਦੀ ਗੱਲ ਚੱਲੀ।

ਮਿਲੇ ਉਸ ਦੌਰ ਦੇ ਸਾਥੀ ਕਿਤੇ ਜਦ,
ਸਮੇਂ ਔਖੇਰਿਆਂ ਦੀ ਗੱਲ ਚੱਲੀ।

ਖ਼ੁਸ਼ੀ ਦਾ ਲੱਭਿਆ ਨਾ ਜਦ ਟਿਕਾਣਾ,
ਗ਼ਮਾਂ ਦੇ ਡੇਰਿਆਂ ਦੀ ਗੱਲ ਚੱਲੀ।



✪

ਦੋ ਘੁਟ ਚਾਨਣ ਦੇ ਪੀ ਕੇ, ਰਾਤ ਸ਼ਰਾਬੀ ਹੋ ਜਾਂਦੀ।
ਫੇਰ ਕਲੀ ਇਕ ਭੌਰੇ ਤੋਂ, ਹੋ ਕੇ ਦੂਰ ਖਲੋ ਜਾਂਦੀ।

ਕਾਮ ਗੜੁੱਚਾ ਇਸ਼ਕ ਜਦੋਂ, ਕਾਇਆਂ ਮੈਲੀ ਕਰ ਲੈਂਦਾ,
ਪਾਕ-ਮੁਹੱਬਤ ਆਣ ਉਦੋਂ, ਸਾਰੇ ਧੋਣੇ ਧੋ ਜਾਂਦੀ।

ਖ਼ਾਬ 'ਚ ਆ ਕੇ ਕੌਣ ਮੇਰੇ, ਹੋਠੀਂ ਚੁੰਮਣ ਧਰ ਜਾਂਦਾ,
ਸਾਰਾ ਦਿਨ ਹੀ ਪਿੰਡੇ 'ਚੋਂ, ਜੀਹਦੀ ਨਾ ਖ਼ੁਸ਼ਬੋ ਜਾਂਦੀ।

ਥਲ ਚੋਂ ਲੰਘਣ ਲੱਗੀ ਦਾ, ਥਲ ਸਾਰਾ ਜਲ ਚੂਸ ਲਵੇ,
ਆਣ ਸਮੁੰਦਰ ਕੋਲ ਹਵਾ, ਅਪਣੇ ਰੋਣੇ ਰੋ ਜਾਂਦੀ।

ਉਹਦੇ ਤੇ ਇਲਜ਼ਾਮ ਨਹੀ, ਮੈਂ ਹੀ ਬੇਬਸ ਹੋ ਜਾਨਾ,
ਓਸ ਦੀਆਂ ਨਜ਼ਰਾਂ ਦੀ ਛੋਹ, ਲੂੰ ਲੂੰ ਮੇਰਾ ਟੋਹ ਜਾਂਦੀ।

ਰਾਜ ਤਸੱਵਰ ਮੇਰੇ ਵਿਚ, ਲੱਖਾਂ ਤੇਹਾਂ ਦਾ ਵਾਸਾ,
ਇੱਕ ਨਵੇਲੀ ਆ ਰਲ਼ਦੀ, ਇੱਕ ਪੁਰਾਣੀ ਖੋਹ ਜਾਂਦੀ।

ਉਹ ਚੜ੍ਹ ਕੇ ਲਹਿ ਗਿਆ ਛੇਤੀ, ਅਸੀਂ ਡੁੱਬਣ ਦੀ ਠਾਣੀ ਸੀ।
ਸਮੁੰਦਰ ਸਮਝਿਆ ਜਿਸ ਨੂੰ, ਕਿਸੇ ਟੋਭੇ ਦਾ ਪਾਣੀ ਸੀ।

ਉਦੋਂ ਇਹ ਪਰਖ਼ ਨਾ ਹੋਇਆ, ਕਿ ਉਹ ਹੈ ਨੀਤ ਦਾ ਖੋਟਾ,
ਉਹ ਸ਼ਾਤਰ ਸੀ ਜਮਾਨੇ ਦਾ, ਮੇਰੀ ਉਮਰਾ ਨਿਆਣੀ ਸੀ।

ਮੇਰੀ ਆਵਾਜ਼ ਸੁਣਦੇ ਸਾਰ ਬੂਹਾ ਢੋਅ ਲਿਆ ਉਸ ਨੇ,
ਰਿਹਾ ਪਰ ਦੇਖਦਾ ਮੈਨੂੰ, ਕਿਤੇ ਵਿਰਲਾਂ ਦੇ ਥਾਣੀ ਸੀ।

ਕਿਸੇ ਵੀ ਕੰਮ ਨਾ ਆਏ, ਮੇਰੇ ਸਿਰਜੇ ਹੋਏ ਪਾਤਰ,
ਉਹੀ ਤਾਂ ਰੰਗਸ਼ਾਲਾ ਸੀ, ਉਹੀ ਤੇਰੀ ਕਹਾਣੀ ਸੀ।

ਉਦੋਂ ਫਿਰ ਆਲ੍ਹਣੇ 'ਚੋਂ ਮਾਰੀਆਂ ਧਾਹਾਂ ਸੀ ਬੋਟਾਂ ਨੇ,
ਚਿੜੀ ਦੀ ਲਾਸ਼ ਤੇ ਨੱਚੀ, ਜਦੋਂ ਬਾਜਾਂ ਦੀ ਢਾਣੀ ਸੀ।

ਤਮੰਨਾਂ ਤਾਰਿਆਂ ਦੀ ਕਰ ਲਈ ਸੀ ਰਾਜ ਮੈਂ ਐਵੇਂ,
ਨਿਗ੍ਹਾ ਅਸਮਾਨ ਵਲ ਕਰਕੇ, ਪਈ ਠੋਕਰ ਹੀ ਖਾਣੀ ਸੀ।



ਬਿਗਾਨੇ ਦੀਵਿਆਂ ਉੱਤੇ, ਨਾ ਬਹੁਤੀ ਆਸ ਲਾਇਆ ਕਰ।
ਤੂੰ ਨ੍ਹੇਰੇ ਆਪਣੇ 'ਚੋਂ ਆਪਣਾ ਸੂਰਜ ਉਗਾਇਆ ਕਰ।

ਉਹ ਤੇਰੀ ਦੀਦ ਨੂੰ ਕਿੰਨਾਂ, ਹਮੇਸ਼ਾ ਤਾਂਘਦਾ ਰਹਿੰਦਾ,
ਉਹਨੂੰ ਅਣਦੇਖਿਆਂ ਕਰਕੇ, ਨਾ ਕੋਲੋਂ ਲੰਘ ਜਾਇਆ ਕਰ।

ਮੇਰੀ ਪਰਵਾਜ਼ ਹੋ ਜਾਣੀ, ਤੇਰੇ ਤੋਂ ਬਹੁਤ ਹੀ ਉੱਚੀ,
ਐ ਅੰਬਰ ਹੌਸਲੇ ਮੇਰੇ, ਕਦੇ ਤਾਂ ਆਜ਼ਮਾਇਆ ਕਰ।

ਸਰਾਪੇ ਰਸਤਿਆਂ ਥਾਣੀ, ਉਹ ਤੇਰੇ ਦਰ ਤੇ ਆ ਪਹੁੰਚਾ,
ਮੁਸਾਫਿਰ ਭਟਕਦੇ ਤੋਂ ਨਾ ਕਦੇ ਮੰਜ਼ਲ ਲੁਕਾਇਆ ਕਰ।

ਤੇਰੇ ਵਿਹੜੇ ਦੀ ਮਿੱਟੀ ਚੋਂ, ਮੇਰੀ ਇਕ ਰੀਝ ਉੱਗੀ ਹੈ,
ਜੜ੍ਹਾਂ ਵਿਚ ਏਸ ਦੇ ਆ ਕੇ, ਦੋ ਹੰਝੂ ਡੋਲ੍ਹ ਜਾਇਆ ਕਰ।

ਉਦਾਸੇ ਮੌਸਮਾਂ ਵਿਚ ਹੋਰ ਥੋੜ੍ਹਾ ਰੰਗ ਭਰ ਜਾਂਦਾ,
ਬਹਾਰਾਂ ਬੀਤੀਆਂ ਦਾ ਤੂੰ ਕੋਈ ਕਿੱਸਾ ਸੁਣਾਇਆ ਕਰ।

ਵਿਹਾ ਕੇ ਜ਼ਾਤ ਸ਼ਬਦਾਂ ਦੀ, ਉਹ ਜ਼ਾਤ-ਕੁਜ਼ਾਤ ਹੋ ਤੁਰਿਆ।
ਬਿਤਾ ਕੇ ਦਿਨ ਵੀ ਸ਼ਬਦਾਂ ਦਾ, ਉਹ ਸ਼ਬਦੀ ਰਾਤ ਹੋ ਤੁਰਿਆ।

ਅਨੇਕਾਂ ਚੜ੍ਹ ਗਏ ਸੂਰਜ, ਉਦ੍ਹੇ ਅੰਦਰ ਹੀ ਸ਼ਬਦਾਂ ਦੇ,
ਉਜਾਲਾ ਕਰ ਗਏ ਏਨਾਂ, ਕਿ ਉਹ ਪਰਭਾਤ ਹੋ ਤੁਰਿਆ।

ਇਨ੍ਹਾਂ ਸ਼ਬਦਾਂ ਦੇ ਅੰਦਰ ਹੀ, ਉਹ ਡੂੰਘਾ ਲਹਿ ਗਿਆ ਏਦਾਂ,
ਜਿਵੇਂ ਕਾਇਨਾਤ ਦਾ ਕਿਣਕਾ, ਨਿਰੀ ਕਾਇਨਾਤ ਹੋ ਤੁਰਿਆ।

ਅਮਰ-ਪਦ ਪਾ ਲਿਆ ਉਸ ਨੇ, ਇਨ੍ਹਾਂ ਸ਼ਬਦਾਂ ਸਹਾਰੇ ਹੀ,
ਉਨੂੰ ਕੀ ਲੋੜ ਮੁਕਤੀ ਦੀ, ਉਹ ਆਬ- ਹਯਾਤ ਹੋ ਤੁਰਿਆ।

ਉਹ ਮਰ ਕੇ ਜਨਮ ਲੈ ਲੈਂਦਾ, ਦੁਬਾਰਾ ਸ਼ਬਦ ਦੀ ਕੁੱਖੋਂ,
ਕਿਸੇ ਅਗਿਆਤ ਨੂੰ ਲਭਦਾ, ਉਹ ਖੁਦ ਅਗਿਆਤ ਹੋ ਤੁਰਿਆ।



ਕੀ ਗਿਲਾ ਕਾਹਦਾ ਗਿਲਾ, ਦੱਸੇ ਬਿਨਾ ਉਹ ਮੁੜ ਗਿਆ।
ਮਾਣ ਮੱਤੇ ਇਸ਼ਕ ਦਾ, ਅਜ ਮਾਣ ਸਾਰਾ ਖੁਰ ਗਿਆ।

ਅਜ ਤਲਕ ਬਦਲੀ ਨਹੀ ਆਦਤ ਪੁਰਾਣੀ ਓਸ ਦੀ,
ਅਣਸੁਣੀ ਕਰਕੇ ਮੇਰੀ, ਅਪਣੀ ਸੁਣਾ ਕੇ ਤੁਰ ਗਿਆ।

ਓਸ ਦਾ ਹੈ ਸ਼ੁਕਰੀਆ, ਉਸ ਦੀ ਬਦੌਲਤ ਦੋਸਤੋ,
ਇਕ ਨਵਾਂ ਗ਼ਮ ਆਣ ਕੇ, ਮੇਰੇ ਗਮਾਂ ਵਿਚ ਜੁੜ ਗਿਆ।

ਉਸ ਨਦੀ ਦੇ ਨੀਰ ਦੀ, ਰਫ਼ਤਾਰ ਕਿੰਨੀ ਤੇਜ਼ ਸੀ,
ਹਰ ਮਲਾਹ ਬੇੜੀ ਸਣੇ ਹੀ ਦਿਨ ਦਿਹਾੜੇ ਰੁੜ੍ਹ ਗਿਆ।

ਬੇ-ਲਿਹਾਜ਼ੇ ਸ਼ਹਿਰ ਅੰਦਰ, ਪਾਲ਼ ਬੈਠਾ ਮੈ ਲਿਹਾਜ਼,
ਚੁਪ ਚੁਪੀਤੇ ਫੇਰ ਖੰਜ਼ਰ, ਆਣ ਸੀਨੇ ਪੁੜ ਗਿਆ।

✪

ਬੇਸਬਰ ਬਿਹਬਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾਂ।
ਬੀਤਦੀ, ਮੁਸ਼ਕਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾਂ।

ਨਿਕਲ਼ ਨਾ ਹੋਇਆ ਸਗੋਂ ਹੁਣ, ਧਸ ਗਿਆਂ ਮੈਂ ਹੋਰ ਵੀ,
ਇਹ ਨਿਰੀ ਦਲ ਦਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾ।

ਭਟਕਣਾ ਹੈ, ਕਸ਼ਮਕਸ਼ ਹੈ, ਬੇਬਸੀ ਹੈ, ਰੋਸ ਹੈ,
ਬੇਤੁਕੀ ਨਿਸਫਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾ।

ਰੋਜ਼ ਇਸ ਦੇ ਸ੍ਹਾਮਣੇ ਹੁੰਦਾ ਹੈ ਮੇਰਾ ਸਿਰ ਕਲਮ,
ਜਾਪਦੀ ਮਕਤਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾਂ।

ਜੇਸ ਅੰਦਰ ਸੜ ਗਏ ਬੋਟਾਂ ਸਣੇਂ ਹੀ ਆਲ੍ਹਣੇ,
ਬਲ਼ ਰਹੇ ਜੰਗਲ਼ ਜਹੀ ਹੈ, ਜ਼ਿੰਦਗੀ ਤੇਰੇ ਬਿਨਾਂ।

ਹਾਸਿਆਂ ਤੇ ਹੰਝੂਆਂ ਵਿਚ, ਫਰਕ ਜਾਣਗੀ ਕਦੋਂ,
ਬਾਵਰੀ ਪਾਗਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾਂ।

ਦੂਰ ਤੇਰੇ ਤੋਂ ਗਿਆ ਤਾਂ, ਰਾਜ ਨੂੰ ਹੋਈ ਖ਼ਬਰ,
ਗੁਮ-ਸ਼ੁਦਾ ਮੰਜ਼ਲ ਜਹੀ ਹੈ, ਜ਼ਿੰਦਗੀ ਤੇਰੇ ਬਿਨਾਂ।



✪

ਕਦੇ ਆਜ਼ਮਾ ਲੈ ਕਿ ਪੱਥਰ ਨਹੀ ਹਾਂ ਮੈਂ।
ਮੇਰੀ ਚੋਭ ਤੋਂ ਡਰ ਨਾ, ਖੰਜਰ ਨਹੀ ਹਾਂ ਮੈਂ।

ਕਹੇ ਕੋਈ ਹੀਰਾ, ਕੋਈ ਆਖਦੈ ਮੋਤੀ,
ਤੇਰਾ ਮੁੱਲ ਪਾਵਾਂ, ਸੁਦਾਗਰ ਨਹੀ ਹਾਂ ਮੈਂ।

ਨਾ ਜਗ ਤੋਂ ਲੁਕੀ ਮੇਰੀ ਸ਼ਬਦ ਜ਼ਰਖੇਜ਼ੀ,
ਲਿਖਾਂ ਮੈਂ ਗ਼ਜ਼ਲ ਰੋਜ, ਬੰਜਰ ਨਹੀ ਹਾਂ ਮੈਂ।

ਮੇਰਾ ਇਸ ਤਰਾਂ ਤਾਂ ਤੁਸੀਂ ਜ਼ਬਤ ਨਾ ਪਰਖੋ,
ਕਿ ਇਨਸਾਨ ਹਾਂ ਮੈ, ਕਲੰਦਰ ਨਹੀ ਹਾਂ ਮੈਂ।

ਮੇਰੇ ਤੀਕ ਚਲ ਕੇ ਤੁਸੀਂ ਆਪ ਆਵੋਗੇ,
ਤੁਹਾਡੀ ਹਾਂ ਮੰਜਲ, ਮੁਸਾਫਰ ਨਹੀ ਹਾਂ ਮੈਂ।

ਮੇਰੇ ਸਿਰ ਬਕਾਇਆ, ਤੇਰੀ ਪਿਆਸ ਦਾ ਕਰਜ਼ਾ,
ਮੈਂ ਖ਼ੁਦ ਰੇਤ ਥਲ ਹਾਂ, ਸਮੁੰਦਰ ਨਹੀ ਹਾਂ ਮੈਂ।

ਮੈਂ ਖ਼ੁਦ ਵੀ ਉਡੀਕਾਂ ਤੇਰੇ ਆਉਣ ਦੀ ਆਹਟ,
ਮੈਂ ਖੁਦ ਮੀਲ ਪੱਥਰ, ਮੁਸਾਫਰ ਨਹੀ ਹਾਂ ਮੈਂ।

ਇਸ਼ਕ ਤਾਂ ਕਰਨਾ ਨਹੀ ਸੀ, ਬੇਬਸੀ ਹੈ ਬੇਬਸੀ।
ਇਸ ਗਲ਼ੀ ਵੜਨਾ ਨਹੀ ਸੀ, ਬੇਬਸੀ ਹੈ ਬੇਬਸੀ।

ਦੇਖ ਸੂਲੀ ਸਜ ਗਈ ਹੈ, ਆਸ਼ਕਾਂ ਦੇ ਸ੍ਹਾਮਣੇ,
ਇਸ ਤਰ੍ਹਾਂ ਮਰਨਾ ਨਹੀ ਸੀ, ਬੇਬਸੀ ਹੈ ਬੇਬਸੀ ।

ਓਸ ਦੇ ਇਲਜ਼ਾਮ ਸੁਣਕੇ, ਆਪਣੇ ਲਬ ਸੀਂ ਲਏ,
ਊਂ ਕਦੇ ਦੜਨਾ ਨਹੀ ਸੀ, ਬੇਬਸੀ ਹੈ ਬੇਬਸੀ।

ਵਗ ਰਹੇ ਪਾਣੀ ਦੇ ਤਲ 'ਚੋਂ, ਇੱਕ ਪੱਥਰ ਕੂਕਿਆ,
ਮੈਂ ਅਜੇ ਖਰਨ੍ਹਾਂ ਨਹੀ ਸੀ, ਬੇਬਸੀ ਹੈ ਬੇਬਸੀ।

ਪੱਤਿਆਂ ਨੇ ਹਾਰ ਕੇ ਆਖਰ ਖਿਜ਼ਾਂਵਾਂ ਨੂੰ ਕਿਹਾ,
ਐਂ ਅਸੀਂ ਝੜਨਾ ਨਹੀ ਸੀ, ਬੇਬਸੀ ਹੈ ਬੇਬਸੀ।

ਮੈਂ ਜਨਾਜ਼ੇ ਤੇ ਉਹੀ, ਕਾਤਲ ਬੁਲਾਇਆ ਆਪਣਾ,
ਓਸ ਬਿਨ ਸਰਨਾ ਨਹੀ ਸੀ, ਬੇਬਸੀ ਹੈ ਬੇਬਸੀ।

ਰਾਜ ਸੱਜਣ ਸਾਂਵਰਾ ਇਤਬਾਰ ਕਰ ਲੈਂਦਾ ਅਗਰ,
ਪਿਆਰ ਨੇ ਹਰਨਾ ਨਹੀ ਸੀ, ਬੇਬਸੀ ਹੈ ਬੇਬਸੀ।



ਸੁਪਨੇ ਸਜਾਉਣ ਦੀ ਇਹ, ਸਾਨੂੰ ਸਜ਼ਾ ਮਿਲੀ ਹੈ।
ਜਿੱਥੇ ਅਲਖ ਜਗਾਈ, ਗ਼ਮ ਦੀ ਗਜ਼ਾ ਮਿਲੀ ਹੈ।

ਮੇਰੇ ਹੀ ਪੱਤਿਆਂ 'ਚੋਂ, ਰੂਹ ਸਿੰਮ੍ਹਦੀ ਹੈ ਮੇਰੀ,
ਮੈਂ ਬਿਰਖ਼ ਚੰਦਰੇ ਨੂੰ, ਐਸੀ ਫਿਜ਼ਾ ਮਿਲੀ ਹੈ।

ਭਾਵੇਂ ਨਹੀ ਤੁਹਾਨੂੰ ਇਸ ਤੋਂ ਕੋਈ ਸ਼ਿਕਾਇਤ,
ਪਰ ਜ਼ਿੰਦਗੀ ਅਸਾਨੂੰ, ਤਾਂ ਬੇ-ਮਜ਼ਾ ਮਿਲੀ ਹੈ।

ਪਰਵਾਨਿਆਂ ਨੇ ਆ ਕੇ, ਆਪੇ ਸ਼ਮ੍ਹਾਂ ਜਲਾਈ,
ਸੜਨੇ ਦੀ ਹੁਣ ਉਨ੍ਹਾਂ ਨੂੰ, ਸ਼ਾਇਦ ਵਜ੍ਹਾ ਮਿਲੀ ਹੈ।

ਮੈਨੂੰ ਤੇਰੀ ਬਦੌਲਤ, ਛੂਹ ਨਾ ਸਕੀ ਕਦੇ ਵੀ,
ਰਾਹਾਂ ਚ ਦਨਦਨਾਉਂਦੀ, ਜਦ ਵੀ ਕਜ਼ਾ ਮਿਲੀ ਹੈ।

ਲੱਗੀ ਹੈ ਰਾਜ ਤੇਰੀ ਇਹ ਬਦ-ਅਸੀਸ ਮੈਨੂੰ,
ਤੇਰੀ ਰਜ਼ਾ ਚ ਸ਼ਾਇਦ, ਰੱਬ ਦੀ ਰਜ਼ਾ ਮਿਲੀ ਹੈ।

ਵੇਦਨਾ ਦਿਲ ਦੀ ਛੂਪਾਉਂਣਾ ਜਾਣਦੇ ਹਾਂ।
ਮੁਸ਼ਕਲਾਂ ਵਿਚ, ਮੁਸਕੁਰਾਉਂਣਾ ਜਾਣਦੇ ਹਾਂ।

ਓੜਕਾਂ ਨੂੰ ਆ ਵਿਕਾਂਗੇ ਸ਼ਹਿਰ ਤੇਰੇ,
ਮੁੱਲ ਵੀ ਅਪਣਾ ਪਵਾਉਣਾ ਜਾਣਦੇ ਹਾਂ।

ਹੁਣ ਮਲਾਹਾਂ ‘ਤੇ ਨਹੀ ਇਤਬਾਰ ਕਰਦੇ,
ਆਪ ਬੇੜੀ ਪਾਰ ਲਾਉਣਾ ਜਾਣਦੇ ਹਾਂ।

ਜਾ ਕੇ ਕੋਈ ਦੇ ਦਿਓ, ਸਾਡਾ ਸੁਨੇਹਾ ਅੱਗ ਨੂੰ,
ਹੁਣ ਅਸੀਂ ਦਾਮਨ ਬਚਾਉਣਾ ਜਾਣਦੇ ਹਾਂ।

ਆਣ ਕੇ ਪਰਖੀਂ ਕਦੇ ਸਾਡਾ ਹੁਨਰ ਤੂੰ,
ਰੋਂਦਿਆਂ ਨੂੰ ਵੀ ਹਸਾਉਣਾ ਜਾਣਦੇ ਹਾਂ।

ਵਗ ਤੁਰੇ ਹਾਂ ਹੜ੍ਹ ਦੇ ਪਾਣੀ ਵਾਂਗਰਾਂ ਹੁਣ,
ਆਪਣਾ ਰਸਤਾ ਬਣਾਉਣਾ ਜਾਣਦੇ ਹਾਂ।

ਭੁੱਲਣਾ ਮੁਸ਼ਕਲ ਹੈ ਸਾਨੂੰ, ਊਂ ਅਸੀਂ ਪਰ,
ਭੁੱਲ ਕੇ ਫਿਰ ਯਾਦ ਆਉਣਾ ਜਾਣਦੇ ਹਾਂ।



ਸਮੁੰਦਰ ਇਸ਼ਕ ਦੇ ਵਿਚ ਭਟਕਦੀ ਲਾਚਾਰ ਫਿਰਦੀ ਹੈ।
ਮੇਰੇ ਵਿਸ਼ਵਾਸ ਦੀ ਬੇੜੀ, ਬਿਨਾ ਪਤਵਾਰ ਫਿਰਦੀ ਹੈ।

ਉਹ ਰਾਤੀਂ ਨੀਂਦ ਅੰਦਰ ਜਦ ਕਿਸੇ ਦਾ ਨਾਮ ਹੈ ਲੈਂਦਾ,
ਤਾਂ ਮੇਰੀਆਂ ਆਂਦਰਾਂ ਉੱਤੇ ਜਿਵੇਂ ਇਕ ਤਾਰ ਫਿਰਦੀ ਹੈ।

ਮੇਰੇ ਕਲਬੂਤ ‘ਚੋਂ ਮੈਨੂੰ ਚੁਰਾ ਕੇ ਲੈ ਗਿਆ ਜਿਹੜਾ,
ਨਜ਼ਰ ਹੁਣ ਓਸ ਨੂੰ ਲਭਦੀ, ਦੁਮੇਲੋਂ ਪਾਰ ਫਿਰਦੀ ਹੈ।

ਕੋਈ ਤਾਂ ਦੇਖਿਆ ਹੋਵੇਗਾ ਰਾਤੀਂ ਖਾਬ ਵਸਲਾਂ ਦਾ,
ਕਿ ਜਿਹੜਾ ਬਾਵਰੀ ਬਿਰਹਣ ਹੋ ਪੱਬਾਂ ਭਾਰ ਫਿਰਦੀ ਹੈ।

ਅਸੀਂ ਇਕ ਮੰਗ ਕੀ ਬੈਠੇ, ਉਧਾਰੀ ਚਿਣਗ ਉਸ ਕੋਲੋਂ,
ਬਦਲ ਕੇ ਰੂਪ ਭਾਂਬੜ ਦਾ, ਉਹ ਮਾਰੋ ਮਾਰ ਫਿਰਦੀ ਹੈ।

ਕਦੇ ਵੀ ਸੁਰ ਨਹੀ ਸਮਝੀ, ਅਵਾਰਾ ਵੰਝਲੀ ਤੇਰੀ,
ਤੇ ਮੇਰੇ ਨਗਮਿਆਂ ਅੱਗੇ ਬਣੀਂ ਦੀਵਾਰ ਫਿਰਦੀ ਹੈ।

ਤੇਰੀ ਖੁਸ਼ਕਿਸਮਤੀ ਹੈ ਰਾਜ ਤੇਰੇ ਅੰਗਣੇ ਅੰਦਰ,
ਕਰੀ ਸ਼ਿੰਗਾਰ ਸ਼ਿਅਰਾਂ ਦਾ, ਗ਼ਜ਼ਲ ਮੁਟਿਆਰ ਫਿਰਦੀ ਹੈ।

ਹੋ ਬੇ-ਕਰਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।
ਖ਼ੁਦ ਨੂੰ ਉਤਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।

ਉਹ ਸੋਨ ਵਸਤਰਾਂ 'ਤੇ, ਹੀਰੇ ਸੀ ਜੜ੍ਹ ਲਿਆਏ,
ਸਭ ਕੁਛ ਨਕਾਰ ਸਾਜਣ, ਮੈਂ ਪਹਿਨਿਆ ਹੈ ਤੈਨੂੰ।

ਮੇਰੇ 'ਚੋਂ ਪੈ ਰਿਹਾ ਹੈ, ਤੇਰਾ ਜਿਵੇਂ ਭੁਲੇਖਾ,
ਜਦ ਤੋਂ ਸੰਵਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।

ਤੈਨੂੰ ਉਤਾਰਿਆ ਜਦ, ਮੈਂ ਤੜਫਿਆ ਸੀ ਕਿੰਨਾ,
ਫਿਰ ਤੋਂ ਦੁਬਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।

ਯਾਦਾਂ ਦੇ ਮੇਚ ਦਾ ਤੂੰ, ਧੜਕਨ ਦੇ ਨਾਪ ਦਾ ਤੂੰ,
ਦੇ ਕੇ ਦੁਲਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।

ਚੱਲੀ ਨਾ ਪੇਸ਼ ਮੇਰੀ, ਸੀ ਮਰਜ਼ ਬੇ-ਇਲਾਜੀ,
ਹੋ ਕੇ ਲਚਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।

ਮੇਰੇ ਵਜੂਦ ਉੱਤੇ, ਤੂੰ ਫੱਬਦਾਂ ਏਂ ਤਾਂ ਹੀ,
ਏਨਾਂ ਨਿਖਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।

ਪਿੰਡਾ ਸਹਾਰਦਾ ਨਾ ਹੁਣ ਹੁਰਮਤਾਂ ਦਾ ਜਾਮਾ,
ਇਸ ਨੂੰ ਲੰਗਾਰ ਸਾਜਣ, ਮੈ ਪਹਿਨਿਆ ਹੈ ਤੈਨੂੰ।

ਔੜਾਂ ਤੇ ਪਤਝੜਾਂ ਕੀ, ਢਕਣਾਂ ਨੰਗੇਜ ਮੇਰਾ,
ਤੂੰ ਹੈਂ ਬਹਾਰ ਸਾਜਣ ਮੈਂ ਪਹਿਨਿਆ ਹੈ ਤੈਨੂੰ।



ਓਧਰ ਨਾਗਾਂ ਦੇ ਪੁੱਤਰ, ਫਿਰਦੇ ਅੱਜ ਤਿਹਾਏ ਨੇ।
ਏਧਰ ਚਿੜੀਆਂ ਦੇ ਘਰ ਵੀ ਬਾਜ਼ ਪਰੌਂਣੇ ਆਏ ਨੇ।

ਗਰਭ 'ਚ ਆ ਕੇ ਵੀ ਜਿਹੜੇ, ਜੂਨ ਪਏ ਨਾ ਬੋਲਾਂ ਦੀ,
ਕੁੱਖਾਂ ਅੰਦਰ ਹੀ ਨਗ਼ਮੇਂ, ਕਿਸ ਨੇ ਮਾਰ ਮੁਕਾਏ ਨੇ।

ਨਾਜ਼ਮ ਨੇ ਭਿਜਵਾਈ ਹੈ, ਏਨੀ ਵੱਡੀ ਖੁਸ਼ਖ਼ਬਰੀ,
ਸਾਡੀ ਖਾਤਰ ਉਸ ਨੇ ਹੁਣ ਮਕਤਲ ਹੋਰ ਬਣਾਏ ਨੇ।

ਰੌਆਂ ਦੇ ਵਿਚ ਰਲ਼ ਕੇ ਉਹ, ਕੰਢੇ ਵਲ ਨੂੰ ਹੋ ਤੁਰਿਆ,
ਉਸ ਦੀ ਸ਼ਾਂਤ ਹਯਾਤੀ ਦੇ ਕਿਸ ਨੇ ਨੀਰ ਹਿਲਾਏ ਨੇ।

ਉਸ ਦੀ ਤਕਣੀ ਤੋਂ ਲਗਦੈ, ਏਨਾਂ ਤਾਂ ਹੁਣ ਜਾਣ ਗਿਐ,
ਹਸਦੇ ਚਿਹਰੇ ਪਿੱਛੇ ਮੈਂ, ਕਿੰਨੇ ਦਰਦ ਲੁਕਾਏ ਨੇ।

✪

ਅਨੇਕਾਂ ਵਾਰ ਸੂਰਜ ਨੇ ਹਨੇਰੇ ਤੇ ਗ਼ਜ਼ਲ ਆਖੀ।
ਕਦੀ ਨਾ ਰਾਤ ਕਾਲੀ ਨੇ, ਸਵੇਰੇ ਤੇ ਗ਼ਜ਼ਲ ਆਖੀ।

ਉਦ੍ਹੇ ਦੁੱਖਾਂ ਦਾ ਕਿਉਂ ਨਾ ਮੈਂ ਕਦੇ ਅਹਿਸਾਸ ਕਰ ਸਕਿਆ,
ਸੁਣਾ ਕੇ ਓਸ ਨੇ ਮੈਂਨੂੰ, ਸੀ ਮੇਰੇ 'ਤੇ ਗ਼ਜ਼ਲ ਆਖੀ।

ਮੈਂ ਨੀਵਾਂ ਹਾਂ ਤੇ ਨੀਵੇਂ ਦੀ ਹਮੇਸ਼ਾ ਗੱਲ ਕਰਦਾ ਹਾਂ,
ਉਹ ਸ਼ਾਇਰ ਮੈਂ ਨਹੀ ਜਿਸ ਨੇ, ਉਚੇਰੇ ਤੇ ਗ਼ਜ਼ਲ ਆਖੀ।

ਤੇਰੇ ਕੁਛ ਸ਼ਿਅਰ ਹੀ ਹੋਏ ਨੇ, ਤੇਰੇ ਜ਼ਬਤ ਦੇ ਜਾਮਨ,
ਲੁਟਾ ਕੇ ਚੈਨ ਦਿਲ ਦਾ ਤੂੰ, ਲੁਟੇਰੇ ਤੇ ਗ਼ਜ਼ਲ ਆਖੀ।

ਦਿਖੇ ਜਦ ਕੈਨਵਸ ਉੱਤੇ, ਅਗਾਜ਼ੋਂ ਹਸ਼ਰ ਦੇ ਆਲਮ,
ਅਸੀਂ ਵਿਸਮਾਦ ਵਿਚ ਆ ਕੇ, ਚਿਤੇਰੇ ਤੇ ਗ਼ਜ਼ਲ ਆਖੀ।

ਜ਼ਰੂਰੀ ਤਾਂ ਨਹੀ ਹੈ ਰਾਜ, ਹੁਣ ਉਹ ਬੋਲ ਕੇ ਦੱਸੇ,
ਉਦ੍ਹੇ ਮਾਸੂਮ ਨੈਣਾਂ ਨੇ ਹੈ ਤੇਰੇ ਤੇ ਗ਼ਜ਼ਲ ਆਖੀ।



✪

ਅੜਚਨਾਂ, ਪਾਬੰਦੀਆਂ, ਹਰ ਜ਼ਾਬਤਾ ਪਰਵਾਨ ਕਿਉਂ ?
ਨਿਰਬਲਾਂ ਨੂੰ ਪਰਬਲਾਂ ਦੀ, ਹਰ ਸਜ਼ਾ ਪਰਵਾਨ ਕਿਉਂ ?

ਫਿਰ ਦੁਬਾਰਾ ਤੋਂ ਅਸਾਨੂੰ ਘਰ ਬਣਾਉਣੇ ਪੈਣਗੇ,
ਧਰਤੀਏ ਤੈਨੂੰ ਭਲਾ ਇਹ ਜ਼ਲਜਲਾ ਪਰਵਾਨ ਕਿਉਂ ?

ਜੋ ਡਰੇ ਨਾ ਭੁੱਖ ਤੋਂ ਉਹਨਾਂ ਨੂੰ ਫਿਰ ਧਨਵਾਨ ਦਾ,
ਬਦਸਲੂਕੀ, ਬੇਰੁਖੀ, ਹੋਣਾ ਖਫਾ ਪਰਵਾਨ ਕਿਉਂ ?

ਲੈ ਰਹੇ ਹੋ ਖਾ-ਮਖਾਹ ਐਵੇਂ ਹੀ ਮੇਰਾ ਇਮਤਿਹਾਨ,
ਮੈਂ ਤੁਹਾਡਾ ਹੀ ਕਰਾਂਗਾ, ਫੈਸਲਾ ਪਰਵਾਨ ਕਿਉਂ ?

ਉਹ ਤਾਂ ਬਲ਼ਦੇ ਅੰਬਰਾਂ 'ਤੇ ਵੀ ਉਡਾਰੀ ਲਾਉਣਗੇ,
ਪੰਛੀਆਂ ਨੇ ਆਪ ਕਰਨਾ, ਪਿੰਜਰਾ ਪਰਵਾਨ ਕਿਉਂ ?

ਆਪਣਾ ਜੋ ਹੱਕ ਤੇਰਾ, ਉਸ ਨੂੰ ਲੱਭਣ ਵਾਸਤੇ,
ਰਾਜ ਤੈਨੂੰ ਹਰ ਨਗਰ ਕਰਨੀ ਗਜ਼ਾ ਪਰਵਾਨ ਕਿਉਂ ?

✪

ਮੇਰੀ ਟਾਹਣੀ ‘ਤੇ ਮੈਨੂੰ ਤਾਂ ਉਹ ਲਗਦੀ ਗੀਤ ਗਾਉਂਦੀ ਸੀ।
ਮੇਰੇ ਹੁਣ ਪੱਤ ਦਸਦੇ ਨੇ, ਕਿ ਕੋਇਲ ਵੈਣ ਪਾਉਂਦੀ ਸੀ।

ਉਹ ਬਰਸਾਤਾਂ ‘ਚ ਸੁੱਕ ਚੱਲੀ ਹੈ ਝੱਲੀ ਹੇਰਵੇ ਮਾਰੀ,
ਨਦੀ ਔੜਾਂ ‘ਚ ਵੀ ਜਿਹੜੀ ਕਦੇ ਤੇਹਾਂ ਬੁਝਾਉਂਦੀ ਸੀ।

ਮੇਰੇ ਚਿਹਰੇ ਤੇ ਦਿਸਦਾ ਹੈ, ਸਮਾਂ ਹੁਣ ਝੁਰੜੀਆਂ ਬਣਕੇ,
ਉਹ ਸੂਰਤ ਹੋਰ ਸੀ ਮੇਰੀ, ਜੋ ਤੇਰੇ ਦਿਲ ਨੂੰ ਭਾਉਂਦੀ ਸੀ।

ਹਨੇਰੇ ਨਾਲ ਸੀ ਨਿਭਦਾ ਰਿਹਾ ਕੁਛ ਇਸ ਤਰ੍ਹਾਂ ਰਿਸ਼ਤਾ,
ਕਿਰਨ ਚਾਨਣ ਦੀ ਵੀ ਸੀਨੇ ‘ਚ ਮੇਰੇ ਛੇਕ ਪਾਉਂਦੀ ਸੀ।

ਇਕੱਲੇ ਰਹਿਣ ਦਾ ਉਸ ਨੇ ਸੀ ਭਾਵੇਂ ਫੈਸਲਾ ਕੀਤਾ,
ਇਕੱਲੇ ਰਹਿਣ ਦੀ ਨਾ ਓਸ ਨੂੰ ਪਰ ਜਾਚ ਆਉਂਦੀ ਸੀ।

ਰਵਾਨਾ ਹੋਣ ਲੱਗੇ ਮੈਂ, ਉਦ੍ਹੇ ਨੈਣਾਂ ‘ਚੋਂ ਦੇਖ ਲਿਆ,
ਮੁਹੱਬਤ ਆਪ ਹੀ ਖੁਦ ਨੂੰ, ਰਹੀ ਮੈਥੋਂ ਛੁਪਾਉਂਦੀ ਸੀ।



✪

ਉਦਾਸੇ ਤੇ ਨਿਰਾਸੇ ਹੋਰ ਕਿੰਨਾਂ ਰਹਿਣਗੇ ਲੋਕੀ।
ਵਧੀਕੀ ਹਾਕਮਾਂ ਤੇਰੀ, ਕਦੋਂ ਤਕ ਸਹਿਣਗੇ ਲੋਕੀ।

ਅਜੇ ਜਾਗੇ ਨਹੀ ਪੂਰੇ, ਜਦੋਂ ਇਹ ਜਾਗ ਉੱਠਣਗੇ,
ਉਦੋਂ ਫਿਰ ਨਾਜ਼ਮਾ ਤੇਰੀਆਂ ਜੜਾਂ ਵਿਚ ਬਹਿਣਗੇ ਲੋਕੀ।

ਤੇਰੇ ਖੰਜਰ ਤੋਂ ਚੋਏ ਸੀ ਲਹੂ ਦੀ ਬੂੰਦ ਬਣ ਬਣ ਕੇ,
ਲਹੂ ਬਣ ਕੇ ਤੇਰੇ ਨੈਣਾਂ ‘ਚੋਂ, ਇਕ ਦਿਨ ਵਹਿਣਗੇ ਲੋਕੀ।

ਸਵਾਲਾਂ ਤੋਂ ਸਵਾਲਾਂ ਤੱਕ ਦਾ ਜਦ ਵੀ ਸਫ਼ਰ ਮੁੱਕਾ,
ਉਦੋਂ ਫਿਰ ਆਣ ਕੇ ਤੇਰੇ ਤੋਂ ਉੱਤਰ ਲੈਣਗੇ ਲੋਕੀ।

ਦੁਬਾਰਾ ਲੋਕ ਹੁਣ ਤੇਰੀ, ਖੁਸ਼ਾਮਦ ਕਰ ਨਹੀਂ ਸਕਦੇ,
ਤੇਰੇ ਜ਼ੁਲਮਾਂ ਨੂੰ ਝੱਲਣਗੇ ਤਾਂ ਜ਼ਾਲਮ ਕਹਿਣਗੇ ਲੋਕੀ।

ਬਿਨਾ ਸੋਚੇ ਬਿਨਾ ਸਮਝੇ, ਜੋ ਸੂਲੀ ਤੇ ਚੜ੍ਹਾ ਦਿੱਤੇ,
ਨਵੀਂ ਇਕ ਸੋਚ ਬਣ ਕੇ ਸੂਲੀਆਂ ਤੋਂ ਲਹਿਣਗੇ ਲੋਕੀ।

ਮਗ਼ਰਬ ਨੇ ਜਿਸ ਤਰ੍ਹਾਂ ਹੈ, ਮਸ਼ਰਕ ਦੀ ਆਸ ਲਾਈ।
ਮੇਰੇ ਦਰਾਂ ਨੇ ਤੇਰੀ, ਦਸਤਕ ਦੀ ਆਸ ਲਾਈ।

ਥੋੜੇ ਸਮੇਂ 'ਚ ਸ਼ਾਇਦ, ਉਸ ਨੂੰ ਭੁਲਾ ਦਿਆਂ ਮੈਂ,
ਐਵੇਂ ਹੀ ਗੈਰ-ਮੁਮਕਿਨ, ਕੌਤਕ ਦੀ ਆਸ ਲਾਈ ।

ਬੇ-ਆਬਰੂ ਅਸਾਨੂੰ ਕਰਦਾ ਹੈ ਕਿਉਂ ਮਸੀਹਾ,
ਜਿਸ ਤੋਂ ਅਸੀਂ ਹਮੇਸ਼ਾ ਰਖਸ਼ਕ ਦੀ ਆਸ ਲਾਈ।

ਛਪੀਆਂ ਤੇ ਛਪ ਕੇ ਪਈਆਂ ਅਲਮਾਰੀਆਂ ਦੇ ਅੰਦਰ,
ਹੁਣ ਰੋਣ ਉਹ ਕਿਤਾਬਾਂ, ਪਾਠਕ ਦੀ ਆਸ ਲਾਈ।

ਆਉਂਦੇ ਨੇ ਇਸ ਜਗ੍ਹਾ ਤੇ ਪਾਤਰ ਹੀ ਕਿਉਂ ਇਕੱਲੇ,
ਬੈਠੀ ਹੈ ਰੰਗਸ਼ਾਲਾ, ਦਰਸ਼ਕ ਦੀ ਆਸ ਲਾਈ।

ਤੇਰਾ ਹਨੇਰ ਗਹਿਰਾ, ਉਹ ਹੋਰ ਕਰ ਗਿਆ ਹੈ,
ਤੂੰ ਰਾਜ ਜੇਸ ਕੋਲੋਂ ਦੀਪਕ ਦੀ ਆਸ ਲਾਈ।



ਸਾਜ਼ਾਂ ਨੂੰ ਬਖਸ਼ ਤਰਬਾਂ, ਗੀਤਾਂ 'ਚ ਤਾਨ ਭਰ ਦੇ।
ਓ ਸਾਂਵਰੇ ਮਸੀਹੇ, ਮੋਇਆਂ 'ਚ ਜਾਨ ਭਰ ਦੇ।

ਇਨਕਾਰ ਸੁਣ ਕੇ ਤੇਰਾ, ਨਾਬਰ ਹੀ ਹੋ ਗਿਆ ਹੈ,
ਦਿਲ ਬੇ-ਇਮਾਨ ਅੰਦਰ, ਥੋੜਾ ਇਮਾਨ ਭਰ ਦੇ।

ਹੋਇਆ ਹੈ ਸ਼ਾਂਤ ਕਿੰਨਾਂ, ਜਜ਼ਬਾਤ ਦਾ ਸਮੁੰਦਰ,
ਇਕ ਮਾਰ ਕੇ ਨਿਹੋਰਾ, ਇਸ ਵਿਚ ਤੁਫਾਨ ਭਰ ਦੇ।

ਪੀੜਾਂ ਦੀ ਤਰਜ਼ਮਾਨੀ, ਤੈਥੋਂ ਕਦੇ ਨਾ ਹੋਣੀ,
ਲਿਖ ਲਿਖ ਕੇ ਸ਼ਿਅਰ ਭਾਵੇ, ਕਿੰਨੇ ਦਿਵਾਨ ਭਰ ਦੇ।

ਸੂਰਜ਼ ਤੇ ਚੰਦ ਤਾਰੇ, ਮੇਰੇ ਲਈ ਨੇ ਮਿੱਟੀ,
ਮੁਸਕਾਨ ਦੇ ਕੇ ਅਪਣੀ, ਮੇਰਾ ਜਹਾਨ ਭਰ ਦੇ।

ਅਫ਼ਸੋਸ ਮੈਂ ਬਥੇਰਾ, ਬੀਤੇ ਦਾ ਕਰ ਲਿਆ ਹੈ,
ਖਾਬਾਂ ਕੁਆਰਿਆਂ ਵਿਚ, ਹੁਣ ਵਰਤਮਾਨ ਭਰ ਦੇ।

ਉਸ ਨੇ ਦਗ਼ਾ ਹੀ ਦੇਣਾ, ਆਖ਼ਰ ਤੇ ਰਾਜ ਤੈਨੂੰ,
ਭਾਵੇਂ ਤੂੰ ਉਸ ਦੀ ਝੋਲੀ, ਕਰ ਕਰ ਹਸਾਨ ਭਰ ਦੇ।

ਕਬਰਾਂ ‘ਚੋਂ ਜ਼ਿੰਦਗੀ ਦਾ, ਆਗਾਜ਼ ਭਾਲ਼ਦਾ ਹਾਂ।
ਪੰਛੀ ਨਿਖੰਭੜਾ ਮੈਂ, ਪਰਵਾਜ਼ ਭਾਲ਼ਦਾ ਹਾਂ।

ਮੈਂ ਵੀ ਅਲਾਪ ਲੈਣਾ, ਇਸ਼ਕੇ ਦੇ ਰਾਗ ਅੰਦਰ,
ਹਾਲੇ ਸੁਰਾਂ ਬਰਾਬਰ, ਆਵਾਜ਼ ਭਾਲ਼ਦਾ ਹਾਂ।

ਰੁਸਵਾ ਕਰਨ ‘ਚ ਮੈਨੂੰ, ਸ਼ਾਮਲ ਸੀ ਆਪ ਜਿਹੜਾ,
ਉਸ ਤੋਂ ਹੀ ਏਸ ਉੱਤੇ, ਇਤਰਾਜ਼ ਭਾਲ਼ਦਾ ਹਾਂ।

ਬਣ ਹੇਜ਼ਲਾ ਚਿੜੀ ਦਾ, ਜੋ ਬੋਟ ਲੈ ਗਿਆ ਸੀ,
ਬਾਜ਼ਾਂ ਦੀ ਡਾਰ ਵਿੱਚੋਂ, ਉਹ ਬਾਜ਼ ਭਾਲ਼ਦਾ ਹਾਂ।

ਖ਼ੁਦ ਮਾਰ ਕੇ ਉਹ ਮੈਨੂੰ ਆਪੇ ਜਿਵਾਲ ਲੈਂਦਾ,
ਕਾਤਲ ਦਾ ਉਹ ਪੁਰਾਣਾ, ਅੰਦਾਜ਼ ਭਾਲ਼ਦਾ ਹਾਂ।

ਕੋਰਾ ਜਵਾਬ ਮਿਲਿਆ ਹੈ ਬੰਸੁਰੀ ਤੋਂ ਮੈਨੂੰ,
ਹੋਠਾਂ ਨੂੰ ਛੂਹ ਲਵੇ ਜੋ, ਉਹ ਸਾਜ਼ ਭਾਲ਼ਦਾ ਹਾਂ।

ਕਿੰਨੇ ਹੀ ਰਾਜ਼ ਅਪਣੇ ਸੀਨੇ ‘ਚ ਦਫਨ ਕੀਤੇ,
ਸਾਂਭੇ ਜੋ ਰਾਜ਼ ਮੇਰੇ, ਹਮਰਾਜ਼ ਭਾਲ਼ਦਾ ਹਾਂ।



ਘੜੀ ਮੁੜੀ ਜ਼ਿੰਦਗੀ ਇੱਕ ਬਾਤ ਪਾਉਂਦੀ ਹੈ।
ਖ਼ਿਜ਼ਾਂ ਦੇ ਮਗਰੋਂ ਹਮੇਸ਼ਾ ਬਹਾਰ ਆਉਂਦੀ ਹੈ।

ਜਦੋਂ ਮਿਰੇ ਵੱਲ ਉਹ ਤੱਕਦਾ ਹੈ ਜੀ ਭਰ ਕੇ,
ਨਜ਼ਰ ਉਦ੍ਹੀ ਮੇਰੇ ਜ਼ਖਮਾਂ ਨੂੰ ਰਿਸਣ ਲਾਉਂਦੀ ਹੈ।

ਤੂੰ ਏਸ ਨੂੰ ਹੋਂਠਾਂ ਤੇ ਲਾ ਕੇ ਫੂਕ ਤਾਂ ਮਾਰੀਂ
ਇਹ ਵੰਝਲੀ ਫੂਕ ਦੇ ਨਾਲ ਗੀਤ ਗਾਉਂਦੀ ਹੈ।

ਨਹੀ ਇਕੱਲਾ ਉਹ ਜੋ ਮੇਰੀ ਯਾਦ ਵਿਚ ਰੋਂਦਾ,
ਹੈ ਯਾਦ ਹੀ ਉਸ ਦੀ ਜੋ ਮੈਨੂੰ ਵੀ ਰਵਾਉਂਦੀ ਹੈ।

ਮੈਂ ਖਾਰ ਹੀ ਚੁਗ ਰਿਹਾਂ ਨਿੱਤ ਓਸ ਡੰਡੀ ਚੋਂ,
ਮੇਰੇ ਗਰਾਂ ‘ਚੋਂ ਜੋ ਉਸ ਦੇ ਗਰਾਂ ਪੁਚਾਉਂਦੀ ਹੈ।

ਦਿਲ ਦੀ ਜ਼ਮੀਨ ਉੱਤੇ, ਇਹ ਕੌਣ ਉੱਗਿਆ ਹੈ।
ਹਰਖੀ ਨਦੀ 'ਚ ਆ ਕੇ, ਇਹ ਕੌਣ ਡੁੱਬਿਆ ਹੈ।

ਜ਼ਖ਼ਮੀਂ ਤਬੀਬ ਅਪਣੇ ਜਖ਼ਮਾਂ ਤੇ ਝੂਰਦਾ ਏ,
ਨਸ਼ਤਰ ਜੋ ਆਪਣਾ ਸੀ, ਅਪਣੇ ਹੀ ਚੁੱਭਿਆ ਹੈ।

ਉਹ ਵੇਖਦੇ ਹੀ ਮੈਨੂੰ, ਇਹ ਕਹਿ ਕੇ ਤੁਰ ਪਿਆ ਸੀ,
ਕਦ 'ਵਾ' ਦੇ ਨਾਲ ਰਿਸ਼ਤਾ, ਦੀਵੇ ਦਾ ਪੁੱਗਿਆ ਹੈ।

ਮੇਰੇ ਹੀ ਘਰ ਦੁਆਲੇ, ਇਹ ਭੌਂਦੀਆਂ ਨੇ ਅਕਸਰ
ਇਸ ਘਰ 'ਚ ਲਾਸ਼ ਫਿਰਦੀ, ਗਿਰਝਾਂ ਦੇ ਬੁੱਝਿਆ ਹੈ।

ਥਲ ਨੇ ਪੁਕਾਰਿਆ ਸੀ,ਔੜਾਂ 'ਚ ਮੇਘਲਾ ਜੋ,
ਉਹ ਮੇਘਲਾ ਚਤੁਰ ਸੀ, ਸਾਵਣ 'ਚ ਪੁੱਜਿਆ ਹੈ।

ਲੋਕੀ ਤਾਂ ਪੱਥਰਾਂ ਤੇ, ਉਕਰੇ ਵੀ ਮੇਟ ਦਿੰਦੇ,
ਪਾਣੀ ਤੇ ਹਰਫ਼ ਲਿਖ ਲਿਖ, ਫਿਰਦਾ ਉਹ ਹੁੱਬਿਆ ਹੈ।

ਦੱਸਾਂ ਕੀ ਇਸ ਤੋਂ ਵਧਕੇ, ਮੈਂ ਇਸ਼ਕ ਦੀ ਹਰਾਰਤ,
ਧਰਤੀ ਦੇ ਇਸ਼ਕ ਅੰਦਰ, ਸੂਰਜ ਵੀ ਭੁੱਜਿਆ ਹੈ।

ਇਸ ਪਾਰ ਦਾ ਰਿਹਾ ਨਾ, ਉਸ ਪਾਰ ਦਾ ਨਾ ਹੋਇਆ,
ਲਹਿਰਾਂ ਦੇ ਨਾਲ ਮਾਝੀ, ਹਾਲੇ ਵੀ ਲੁੱਝਿਆ ਹੈ।

ਪਾਣੀ ਦਾ ਬੁਲਬੁਲਾ ਹੈ, ਉਹ ਖ਼ਾਬ ਦਰ-ਹਕੀਕਤ,
ਜਿਸ ਨੂੰ ਇਹ ਰਾਜ ਐਵੇਂ, ਦੇਖਣ 'ਚ ਰੁੱਝਿਆ ਹੈ।



ਇਹ ਲੱਭੀ ਹੈ ਕਲੀ ਕੋਈ, ਜਾਂ ਫਿਰ ਸ਼ਮਸ਼ੀਰ ਲੱਭੀ ਹੈ,
ਕਿਸੇ ਪੁਸਤਕ ਪੁਰਾਣੀ 'ਚੋਂ, ਉਦ੍ਹੀ ਤਸਵੀਰ ਲੱਭੀ ਹੈ।

ਉਹ ਦਿਸਿਆ ਮੁੱਦਤਾਂ ਮਗਰੋਂ, ਤਾਂ ਲੱਗਾ ਇਸ ਤਰ੍ਹਾਂ ਮੈਨੂੰ,
ਕਿਰਨ ਇਕ ਰੌਸ਼ਨੀ ਦੀ ਜਿਉਂ, ਹਨੇਰਾ ਚੀਰ ਲੱਭੀ ਹੈ।

ਅਧੂਰਾ ਰਹਿ ਗਿਆ ਸੀ ਜੋ, ਉਹ ਸ਼ਾਇਦ ਹੋ ਰਿਹਾ ਪੂਰਾ,
ਇਹ ਸਾਨੂੰ ਖ਼ਾਬ ਅਪਣੇ ਦੀ, ਜਿਵੇਂ ਤਾਬੀਰ ਲੱਭੀ ਹੈ।

ਉਜਾੜੇਗਾ, ਵਸਾਵੇਗਾ, ਖੁਸ਼ੀ ਜਾਂ ਗ਼ਮ, ਦਵੇਗਾ ਕੀ ?
ਕਿਸੇ ਨੂੰ ਇਸ਼ਕ ਦੀ ਹਾਲੇ, ਨਹੀ ਤਾਸੀਰ ਲੱਭੀ ਹੈ।

ਕਦੇ ਜੋ ਸੋਚੀਆਂ ਨਾ ਸੀ, ਮੁਰਾਦਾਂ ਪੂਰੀਆਂ ਹੋਈਆਂ,
ਗਦਾਗਰ ਨੂੰ ਗਦਾ ਵਿਚ ਹੀ, ਜਿਵੇਂ ਜਾਗੀਰ ਲੱਭੀ ਹੈ।

ਗਿਆ ਸੀ ਜਦ ਮੇਰੇ ਕੋਲੋਂ, ਤਾਂ ਫੁੱਲਾਂ ਨਾਲ ਭਰਿਆ ਸੀ,
ਜਦੋਂ ਆਇਆ ਤਾਂ ਉਸ ਕੋਲੋਂ, ਕਲੀ ਆਖ਼ੀਰ ਲੱਭੀ ਹੈ।

ਮਸੀਹਾ ਮੰਨ ਕੇ ਉਸ ਨੂੰ, ਉਦ੍ਹੇ ਬੂਹੇ ਤੇ ਜਾ ਪਹੁੰਚੇ,
ਉਦ੍ਹੇ ਦਰ ਤੋਂ ਅਸਾਨੂੰ ਉਮਰ ਭਰ ਤਾਖੀਰ ਲੱਭੀ ਹੈ।

ਮਯੂਸੀ ਤੇ ਪਰੇਸ਼ਾਨੀ, ਵਿਛੋੜ੍ਹਾ, ਹਰਖ਼ ਸੀ ਪੱਲੇ,
ਚਿਰਾਂ ਮਗਰੋਂ ਦੁਬਾਰਾ ਰਾਜ ਨੂੰ ਤਕਦੀਰ ਲੱਭੀ ਹੈ।

ਜੇ ਮੇਰਾ ਹੇਜ ਨਈਂ ਹੋਣਾ ਤਾਂ ਮੇਰਾ ਹੇਰਵਾ ਹੋ ਜਾਹ।
ਅਧੂਰੇ ਇਸ਼ਕ ਦੇ ਨਾਲੋਂ, ਮੁਕੰਮਲ ਬੇ-ਵਫਾ ਹੋ ਜਾਹ।

ਅਸੀਂ ਭਟਕਣ ਹੰਢਾ ਲੈਣੀ, ਮਗਰ ਤੈਨੂੰ ਨਹੀ ਕਹਿੰਦੇ,
ਕਿ ਸੱਜਣ ਸਾਂਵਰੇ ਸਾਡਾ, ਬੇ-ਪਤਿਆਂ ਦਾ ਪਤਾ ਹੋ ਜਾਹ।

ਮਿਲੇਗੀ ਜੋ ਸਜ਼ਾ ਡਾਢ੍ਹੀ ਅਸੀਂ ਆਪੇ ਹੀ ਭੁਗਤਾਂਗੇ,
ਅਸਾਨੂੰ ਦੇ ਖਤਾ ਅਪਣੀ, ਤੇ ਚਲ ਤੂੰ ਬੇ-ਖ਼ਤਾ ਹੋ ਜਾਹ।

ਸਰਾਪੀ ਜੂਨ ਪਹਿਲਾਂ ਹੀ ਮੇਰੇ ਹਿੱਸੇ 'ਚ ਆਈ ਹੈ,
ਦੁਆ ਤੂੰ ਵੀ ਨਹੀ ਬਣਨਾ, ਲਿਹਾਜ਼ਾ ਬਦ-ਦੁਆ ਹੋ ਜਾਹ।

ਤੇਰੇ ਹੱਥੋਂ ਲਿਖੀ ਹੈ ਮੌਤ ਇਸ ਪਾਗਲ ਪਤੰਗੇ ਦੀ,
ਇਹ ਮੇਰੀ ਇਲਤਿਜ਼ਾ ਤੈਨੂੰ, ਮੇਰੀ ਖਾਤਰ ਸ਼ਮ੍ਹਾ ਹੋ ਜਾਹ।

ਇਹ ਕੇਹੀ ਚੀਸ ਭਰ ਦਿੱਤੀ ਤੂੰ ਮਨ ਦੇ ਮੌਸਮਾਂ ਅੰਦਰ,
ਕਿ ਮੈਂ ਹੁਣ ਮੋਰ ਨਾ ਬਣਨਾ, ਤੂੰ ਕਿੰਨਾਂ ਵੀ ਘਟਾ ਹੋ ਜਾਹ।

ਨਿਭਾ ਦੇਹ ਕੌਲ ਸਾਰੇ ਰਾਜ ਤੂੰ ਅਪਣੀ ਮੁਹੱਬਤ ਦੇ,
ਤੇ ਲੋਕਾਂ ਵਾਸਤੇ ਇਕ ਆਸ਼ਕੀ ਦਾ ਫਲਸਫਾ ਹੋ ਜਾਹ।



ਤੂੰ ਨਹੀ ਮਿਲਦਾ ਤਾਂ ਮੈਂ, ਤੇਰਾ ਤਸੱਵਰ ਕਰ ਲਵਾਂ।
ਕਰ ਕੇ ਸਿਜਦਾ ਯਾਰ ਤੈਨੂੰ, ਖ਼ੁਦ ਨੂੰ ਕਾਫ਼ਰ ਕਰ ਲਵਾਂ।

ਹਰ ਗ਼ਿਲਾ, ਸ਼ਿਕਵਾ ਮੈਂ ਤੇਰਾ ਦੂਰ ਕਰ ਦੇਣਾ, ਮਗਰ,
ਤੇਰੀਆਂ ਨਜ਼ਰਾਂ ਤੋਂ ਪਹਿਲਾਂ, ਦੂਰ ਖੰਜ਼ਰ ਕਰ ਲਵਾਂ।

ਰੋਕ ਸਕਦੈਂ ਤੂੰ ਅਗਰ ਪੈਰਾਂ ਦੀ ਥਿਰਕਣ ਰੋਕ ਲੈ,
ਪੈ ਕੁਠਾਲੀ ਇਸ਼ਕ ਦੀ ਮੈਂ, ਖ਼ੁਦ ਨੂੰ ਝਾਂਜਰ ਕਰ ਲਵਾਂ।

ਓਸ ਦੀਵੇ ਨੇ ਜਲਾਇਆ, ਘਰ ਮੇਰਾ ਚੁਪ ਚਾਪ ਹੀ,
ਸੋਚ ਕੇ ਮੈਂ ਬਾਲ਼ਿਆ ਸੀ, ਘਰ ਮੁਨੱਵਰ ਕਰ ਲਵਾਂ।

ਉਸ ਦਿਆਂ ਸ਼ਬਦਾਂ ਨੇ ਮੈਥੋਂ ਅਰਥ ਅਪਣੇ ਪੁੱਛਣੇ,
ਆਪਣਾ ਕੱਦ ਓਸ ਦੀ ਕਵਿਤਾ ਬਰੋਬਰ ਕਰ ਲਵਾਂ।

ਇਸ ਤਰ੍ਹਾਂ ਸ਼ਾਇਦ ਹੋ ਜਾਵੇ, ਓਸ ਨੂੰ ਭੁਲਣਾ ਅਸਾਨ,
ਮੈਂ ਵੀ ਅਪਣਾ ਹੌਸਲਾ ਉਸ ਦੇ ਹੀ ਵਾਂਗਰ ਕਰ ਲਵਾਂ।

ਉਸ ਦਿਆਂ ਰੰਗਾਂ 'ਚ ਮੇਰੇ ਖ਼ਾਬ ਦੀ ਤਾਬੀਰ ਹੈ,
ਕਿਉਂ ਨਾ ਓਸੇ ਹੀ ਮੁਸੱਵਰ ਨੂੰ ਮੈਂ ਦਿਲਬਰ ਕਰ ਲਵਾਂ।

ਇਸ ਗਰਾਂ ਅੰਦਰ ਨਾ ਢਕਣੀ, ਵਸਤਰਾਂ ਨੇ ਨਗਨਤਾ,
ਓੜ ਧਰਤੀ ਜਿਸਮ ਉੱਤੇ, ਸਿਰ ਤੇ ਅੰਬਰ ਕਰ ਲਵਾਂ।

ਰਾਜ ਨੇ ਮੋਤੀ ਚੁਗੇ ਸੀ, ਮੈਂ ਤਾਂ ਚੁਗੀਆਂ ਸਿੱਪੀਆਂ,
ਉਸ ਦੀਆਂ ਤੇ ਮੇਰੀਆ ਤਲਬਾਂ ਚ ਅੰਤਰ ਕਰ ਲਵਾਂ।

ਹਉਕੇ ਜਿੰਨੀ ਉਮਰ ਲਿਖਾਈ, ਇਸ਼ਕ ਨਿਕੰਮੇ ਨੇ।
ਹਰ ਸੱਧਰ ਹੀ ਮਾਰ ਮੁਕਾਈ, ਇਸ਼ਕ ਨਿਕੰਮੇ ਨੇ।

ਥੋੜ੍ਹਾ ਥੋੜ੍ਹਾ ਕਰਕੇ ਹੁਣ, ਸਾਰਾ ਸੜ ਜਾਣਾ ਮੈਂ,
ਮੈਨੂੰ ਐਸੀ ਅਗਨ ਲਗਾਈ, ਇਸ਼ਕ ਨਿਕੰਮੇ ਨੇ।

ਭੋਲੇਪਨ ਵਿਚ ਐਵੇਂ ਨਾ, ਹੁਸਨਾਂ ਤੇ ਇਤਬਾਰ ਕਰੀਂ,
ਅੰਤ ‘ਚ ਏਹੋ ਆਖ ਸੁਣਾਈ, ਇਸ਼ਕ ਨਿਕੰਮੇ ਨੇ।

ਸਿੱਧਾ ਆ ਕੇ ਕਹਿ ਦਿੰਦਾ, ਮੈਥੋਂ ਨਿਭਦੀ ਹੋਰ ਨਹੀ,
ਬਿਨ ਗੱਲੋਂ ਕਿਉਂ ਗੱਲ ਵਧਾਈ, ਇਸ਼ਕ ਨਿਕੰਮੇ ਨੇ।

ਰਾਧਾ ਬੇਬਸ ਲਗਦੀ ਹੈ, ਕਾਨ੍ਹਾਂ ਵੀ ਮਜ਼ਬੂਰ ਜਿਹਾ,
ਐਸੀ ਝੂਠੀ ਰਾਸ ਰਚਾਈ, ਇਸ਼ਕ ਨਿਕੰਮੇ ਨੇ।

ਫੇਰ ਝਨਾਂ ਦੇ ਪਾਣੀ ਨੇ ਏਹੋ ਤੁਹਮਤ ਲਾਈ ਹੈ,
ਸੋਹਣੀ ਮੇਰੇ ਵਿੱਚ ਡੁਬਾਈ, ਇਸ਼ਕ ਨਿਕੰਮੇ ਨੇ।

ਡਿੱਕੇ ਡੋਲ੍ਹੇ ਖਾਂਦੀ ਇਹ, ਵਿੱਚੇ ਹੀ ਡੁੱਬ ਚੱਲੀ ਹੈ,
ਰਾਜ ਨਾ ਬੇੜੀ ਪਾਰ ਲਗਾਈ ਇਸ਼ਕ ਨਿਕੰਮੇ ਨੇ।



ਖਾਮੋਸ਼ ਹੈ ਸਵੇਰਾ, ਗੁੰਗੀ ਹੈ ਸ਼ਾਮ ਹੋਈ।
ਸੁੰਨ੍ਹੀ ਦਲ੍ਹੀਜ ਮੇਰੀ, ਗ਼ਮ ਦਾ ਮੁਕਾਮ ਹੋਈ।

ਲਗਦੀ ਹਮੇਸ਼ ਬੋਲੀ, ਮੇਰੇ ਹੀ ਸ੍ਹਾਮਣੇ ਕਿਉਂ,
ਕੋਈ ਵੀ ਆਰਜ਼ੂ ਜਦ ਮੇਰੀ ਨਿਲਾਮ ਹੋਈ।

ਪਲਕਾਂ ਚੋਂ ਸਿੰਮ ਕੇ ਉਹ, ਰੁਖ਼ਸਾਰ ਤੇ ਜਾ ਅਟਕੇ,
ਫਿਰਦੀ ਹੈ ਬੂੰਦ ਖ੍ਹਾਰੀ, ਹੁਣ ਬੇ-ਲਗਾਮ ਹੋਈ।

ਉਹ ਕੋਲ ਸੀ ਤਾਂ ਓਦੋਂ ਸੀ ਥਿਰਕਦੀ ਮੁਹੱਬਤ,
ਉਸ ਦੀ ਰਵਾਨਗੀ ‘ਤੇ, ਪੂਰਨ ਵਿਰਾਮ ਹੋਈ।

ਸਿਸਕੀ ਜੋ ਸੁਣ ਰਹੀ ਹੈ, ਹੁਣ ਪਰਦਿਆਂ ਦੇ ਪਿੱਛੋਂ,
ਇਸ਼ਕੇ ‘ਚ ਇਕ ਵਿਯੋਗਣ, ਬੈਠੀ ਨਕਾਮ ਹੋਈ।

ਉਸ ਕਦਰਦਾਨ ਨੇ ਤਾਂ, ਪਾਈ ਹੈ ਕਦਰ ਏਦਾਂ,
ਮੇਰੇ ਖਿਲਾਫ ਸਾਜ਼ਿਸ਼, ਮੇਰਾ ਇਨਾਮ ਹੋਈ।

ਫੁੱਲਾਂ ਦੇ ਸੀ ਸਜਾ ਕੇ, ਸੁਪਨੇ ਹਜ਼ਾਰ ਬੈਠਾ।
ਕੰਡੇ ਹੀ ਚੁਗਦਿਆਂ ਮੈਂ, ਉਮਰਾਂ ਗੁਜ਼ਾਰ ਬੈਠਾ।

ਖ਼ਤ ਮੋੜ ਕੇ ਉਹ ਮੇਰੇ, ਇਹ ਸੋਚਦਾ ਹੈ ਸ਼ਾਇਦ,
ਕਿ ਇਸ਼ਕ ਦੇ ਉਹ ਸਾਰੇ, ਕਰਜ਼ੇ ਉਤਾਰ ਬੈਠਾ।

ਸਹਿਰਾ 'ਚ ਉੱਗਿਆ ਹੈ, ਵੀਰਾਨੀਆਂ ਦੀ ਜੂਨੇ,
ਇਹ ਬਿਰਖ ਚੰਦਰਾ ਤਾਂ, ਰੀਝਾਂ ਹੀ ਮਾਰ ਬੈਠਾ।

ਐ ਨਾਖੁਦਾ ਤੂੰ ਅਪਣੀ, ਕਿਸ਼ਤੀ ਨੂੰ ਮੋੜ ਲੈ ਹੁਣ,
ਸਾਹਿਲ ਤੇ ਇਕ ਮੁਸਾਫਿਰ ਹੈ ਬੇ-ਕਰਾਰ ਬੈਠਾ।

ਉਸ ਤੋਂ ਨਜ਼ਰ ਚੁਰਾ ਕੇ, ਅਹਿਸਾਸ ਹੋ ਗਿਆ ਸੀ,
ਮੈਂ ਜ਼ਿੰਦਗੀ ਹੀ ਅਪਣੀ, ਆਪੇ ਨਕਾਰ ਬੈਠਾ।

ਹਰ ਵਾਰ ਉਲਝਿਆ ਮੈਂ, ਉਹਨਾਂ ਦੇ ਜਾਲ਼ ਅੰਦਰ,
ਜਦ ਉਸ ਦੀਆਂ ਕਦੇ ਵੀ, ਜ਼ੁਲਫਾਂ ਸੰਵਾਰ ਬੈਠਾ।

ਉਸ ਨੇ ਸਜ਼ਾ 'ਚ ਮੈਨੂੰ, ਜਨਮਾਂ ਦੀ ਚੁੱਪ, ਦਿੱਤੀ,
ਮੇਰਾ ਇਹ ਦੋਸ਼ ਸੀ ਕਿ, ਉਸ ਨੂੰ ਪੁਕਾਰ ਬੈਠਾ।

ਉਸ ਦਾ ਗੁਲਾਬ ਵਾਂਗਰ, ਖਿੜਨਾ ਕਦੋਂ ਸੀ ਮੁਮਕਿਨ,
ਹਿੱਸੇ ਮੇਰੇ ਦੀ ਲੈ ਕੇ, ਸਾਰੀ ਬਹਾਰ ਬੈਠਾ।



ਚਿੜੀ ਅੰਬਰ 'ਚ ਕਦ ਮੋਈ, ਕਿਸੇ ਨੂੰ ਇਲਮ ਨਾ ਕੋਈ।
ਤੇ ਮਛਲੀ ਨੀਰ ਵਿਚ ਰੋਈ, ਕਿਸੇ ਨੂੰ ਇਲਮ ਨਾ ਕੋਈ।

ਸਿਫ਼ਤ ਸੂਲਾਂ ਦੀ ਕਰ ਲੈਂਦਾ, ਚਮਨ ਵਿਚ ਫੁੱਲ ਦੀ ਐਪਰ,
ਉਹ ਕਿਉਂ ਕਰਦਾ ਹੈ ਬਦਖੋਈ, ਕਿਸੇ ਨੂੰ ਇਲਮ ਨਾ ਕੋਈ।

ਮੇਰੇ ਕੋਲੋਂ ਮੇਰਾ ਮਹਿਰਮ ਤਾਂ ਹੱਸ ਕੇ ਹੀ ਵਿਦਾ ਹੋਇਆ,
ਤੇ ਉਸਦੀ ਅੱਖ ਕਦ ਚੋਈ, ਕਿਸੇ ਨੂੰ ਇਲਮ ਨਾ ਕੋਈ।

ਮੁਹੱਬਤ ਦੇ ਸਤਾਇਆਂ ਦੀ, ਤੁਹਾਡੇ ਸ਼ਹਿਰ ਦੇ ਅੰਦਰ,
ਕਿਵੇਂ ਕਰਨੀ ਹੈ ਦਿਲਜ਼ੋਈ, ਕਿਸੇ ਨੂੰ ਇਲਮ ਨਾ ਕੋਈ।

ਅਸਰ ਹੋਇਆ ਤਾਂ ਹੋਵੇਗਾ, ਉਦ੍ਹੇ ਤੇ ਬਦ-ਦੁਆਵਾਂ ਦਾ,
ਮਿਲੀ ਜਾਂ ਨਾ ਮਿਲੀ ਢੋਈ, ਕਿਸੇ ਨੂੰ ਇਲਮ ਨਾ ਕੋਈ।

ਕਿਸੇ ਉਸ ਦੇ ਪਿਆਰੇ ਨੇ ਕਤਲ ਵਿਸ਼ਵਾਸ ਦਾ ਕੀਤਾ,
ਸਜ਼ਾ ਕਿਉਂ ਰਾਜ ਨੂੰ ਹੋਈ, ਕਿਸੇ ਨੂੰ ਇਲਮ ਨਾ ਕੋਈ।

ਕਦੀ ਸਾਵਣ ਨੇ ਠੁਕਰਾਏ, ਕਦੀ ਔੜਾਂ ਨੇ ਮਾਰੇ ਹਾਂ।
ਅਸੀਂ ਹਾਂ ਰੁੱਖ ਸਹਿਰਾ ਦੇ,ਪਲ਼ੇ ਸ਼ਬਨਮ ਸਹਾਰੇ ਹਾਂ।

ਤੁਸੀਂ ਸ਼ਗਨਾਂ ਦੇ ਦੀਵੇ ਹੋ, ਤੁਸੀਂ ਜਗਣਾ ਦਿਵਾਲੀ ਤੇ,
ਸਿਵੇ ਦੀ ਲਾਟ ਚੋਂ ਉਠ ਕੇ, ਅਸੀਂ ਬੁਝਦੇ ਸ਼ਰਾਰੇ ਹਾਂ।

ਉਹ ਮੰਡਪ ਮਾੜੀਆਂ ਦੀ ਆਰਜ਼ੂ ਕਰਦਾ ਰਹੇ ਲੇਕਿਨ,
ਕਿਸੇ ਸ਼ਮਸ਼ਾਨ ਦੇ ਕੰਢੇ, ਅਸੀਂ ਕੱਖਾਂ ਦੇ ਢਾਰੇ ਹਾਂ।

ਅਸੀਂ ਅਣਜਾਣ ਲੋਕਾਂ ਤੋਂ ਕਦੇ ਵੀ ਮਾਤ ਨਾ ਖਾਧੀ,
ਮਗਰ ਹਾਰੇ ਜਦੋਂ ਕਿਧਰੇ, ਕਿਸੇ ਅਪਣੇ ਤੋਂ ਹਾਰੇ ਹਾਂ।

ਤੂੰ ਸੁਪਨਾ ਬਣ ਕੇ ਵੀ ਆਉਨੈਂ, ਸਦਾ ਅੱਧਾ ਅਧੂਰਾ ਹੀ,
ਤੇਰੀ ਖਾਤਰ ਅਸੀਂ ਪਰ ਤੜਪਦੇ ਸਾਰੇ ਦੇ ਸਾਰੇ ਹਾਂ।

ਲਬਾਂ ਦੀ ਮੁਸਕੜੀ ਸਾਡੀ ਗਵਾਹੀ ਏਸ ਦੀ ਭਰਦੀ,
ਕਿ ਦਰਦਾਂ ਦੇ ਵੀ ਜੀ ਭਰ ਕੇ, ਅਸੀਂ ਲੁੱਟਦੇ ਨਜ਼ਾਰੇ ਹਾਂ।

ਕਦੇ ਨਾ ਮਿਲਣ ਕਰਕੇ ਹੀ, ਉਹ ਮੈਨੂੰ ਬੇਵਫਾ ਆਖੇ,
ਕਿਵੇਂ ਮਿਲੀਏ ਅਸੀਂ ਦੋਵੇਂ ਨਦੀ ਦੇ ਦੋ ਕਿਨਾਰੇ ਹਾਂ।

ਸ਼ਿਕਾਇਤ ਕਰ ਕੇ ਸਾਡੀ ਆਪ ਹੀ ਕਹਿੰਦਾ ਉਹ ਨਾਜ਼ਮ ਨੂੰ,
ਅਸੀਂ ਦਿਲ ਦੇ ਨਹੀ ਮਾੜੇ, ਮਗਰ ਕੁਛ ਬੇ-ਮੁਹਾਰੇ ਹਾਂ।

ਕਦੇ ਵੀ ਓਸ ਦੀ ਐ ਰਾਜ ਸਾਥੋਂ ਪਿਆਸ ਨਾ ਬੁਝਣੀ,
ਸਮੁੰਦਰ ਹਾਂ ਤਾਂ ਕੀ ਕਰੀਏ, ਅਸੀਂ ਅਜ਼ਲਾਂ ਤੋਂ ਖਾਰੇ ਹਾਂ।



ਪਰਿੰਦੇ ਆ ਗਏ ਪੁੱਛਣ, ਘਣੇ ਜੰਗਲ਼ ਦੇ ਰਹਿਬਰ ਤੋਂ।
ਅਜੇ ਕਿਉਂ ਪਰਤਿਆ ਨਾ ਹੰਸ,ਮੋਤੀ ਚੁਣ ਕੇ ਸਰਵਰ ਤੋਂ।

ਤੇਰੇ ਜਜ਼ਮਾਨ ਹਾਂ ਪੰਡਤਾ,ਤੂੰ ਖਾਹ,ਪੀ ਲੈ ਤੇ ਚਲਦਾ ਹੋ,
ਅਸੀਂ ਸ਼ਿਵ ਸ਼ਿਵ ਤੋਂ ਕੀ ਲੈਣਾ, ਅਸੀਂ ਲੈਣਾ ਕੀ ਹਰ ਹਰ ਤੋਂ।

ਨਿਰੇ ਪੱਥਰ ਹੀ ਨਾ ਲਾਵੋ ਮਸੀਤਾਂ ਤੇ, ਮਜ਼ਾਰਾਂ ਤੇ,
ਕਿ ਟਕਰਾ ਕੇ ਨ ਮੁੜ ਜਾਵਣ, ਸਦਾਵਾਂ ਸੰਗਮਰਮਰ ਤੋਂ।

ਜੋ ਖ਼ੁਦ ਜ਼ਮਹੂਰੀਅਤ ਦੇ ਨਾਂ ਤੇ ਮੰਗਣ ਖੈਰ ਆਉਂਦਾ ਹੈ,
ਕੋਈ ਵੀ ਆਸ ਨਾ ਰੱਖੋ, ਤੁਸੀਂ ਫਿਰ ਉਸ ਗਦਾਗਰ ਤੋਂ।

ਤੇਰੀ ਇਸ ਚਾਕਰੀ ਨਾਲੋਂ, ਉਹਨਾਂ ਨੇ ਚੁਣ ਲਈ ਸੂਲੀ,
ਕਿ ਲਗਦਾ ਮੌਤ ਹੈ ਚੰਗੀ, ਉਨ੍ਹਾਂ ਨੂੰ ਇਸ ਨਿਰਾਦਰ ਤੋਂ।

ਇਹ ਨੀਤੀਵਾਨ ਦੀ ਨੀਤੀ ਹੈ ਥੋੜੀ ਸਮਝਣੀ ਔਖੀ,
ਉਹ ਕਾਇਰ ਨੂੰ ਡਰਾ ਲੈਂਦਾ, ਤੇ ਖ਼ੁਦ ਡਰਦਾ ਬਹਾਦਰ ਤੋਂ।

✪

ਪੱਤੇ ਉਹਦੇ ਉਤਾਰ ਕੇ, ਉਸ ਨੂੰ ਨਗਨ ਕਰੇ।
ਖ਼ਬਰੇ ਗਿਲਾ ਕੀ ਰੁੱਖ 'ਤੇ ਪਾਗਲ ਪਵਨ ਕਰੇ।

ਕਬਰਾਂ 'ਚੋਂ ਉਠ ਕੇ ਓਸ ਦੇ ਹੋਂਠਾਂ ਤੇ ਆ ਗਿਆ,
ਉਸ ਨੂੰ ਕਹੋ ਕਿ ਗੀਤ ਨੂੰ ਡੂੰਘਾ ਦਫ਼ਨ ਕਰੇ।

ਕਾਤਲ ਮੇਰੇ ਯਕੀਨ ਦਾ, ਹੋਣਾ ਨਹੀ ਬਰੀ,
ਕਿੰਨੇ ਮਨਾਵੇ ਪੀਰ ਉਹ, ਕਿੰਨੇ ਹਵਨ ਕਰੇ।

ਦੇਖਾਂ ਕੀ ਮੇਰੀ ਮੌਤ ਦਾ ਹੈ ਓਸ ਤੇ ਅਸਰ,
ਕੋਈ ਮੇਰਾ ਜੇ ਆਣ ਕੇ ਪਾਸੇ ਕਫ਼ਨ ਕਰੇ।

ਮੇਰੇ ਨਗਰ ਹਰਾਮ ਹੈ ਝਾਂਜਰ ਦਾ ਛਣਕਣਾ,
ਫਿਰ ਇਹ ਦਰਾਂ ਤੇ ਕੌਣ ਹੈ, ਜੋ ਛਨ ਛਨਨ ਕਰੇ।

ਇਕ ਅਣਬੁਝੀ ਪਿਆਸ ਦਾ ਸਾਰਾ ਕਸੂਰ ਹੈ,
ਰੂਹ ਇਸ ਲਈ ਹੀ ਓਸ ਦੀ ਆਵਾਗਮਨ ਕਰੇ।

ਦਿਲਬਰ, ਖ਼ੁਦਾ, ਮਸੀਹਾ, ਮੇਰੀ ਮਾਂ ਦੇ ਤੁੱਲ ਨਾ,
ਸਾਰੇ ਗਮਾਂ ਦਾ ਆਣ ਕੇ ਜਿਹੜੀ ਦਮਨ ਕਰੇ।

ਵੀਰਾਨ ਘਰ 'ਚ ਰਾਜ ਤੇਰੀ ਮਾਂ ਬਿਨਾਂ ਹੈ ਕੌਣ,
ਚੋ ਕੇ ਦਰਾਂ 'ਚ ਤੇਲ ਜੋ ਤੇਰੇ ਸਗਨ ਕਰੇ।



✪

ਜ਼ਰਾ ਮੈਂ ਚੁਗ ਲਵਾਂ ਕੰਡੇ, ਇਨ੍ਹਾਂ ਕਿੱਕਰਾਂ ਤੇ ਥੋਰ੍ਹਾਂ ਦੇ।
ਕਿ ਜਖ਼ਮੀ ਪੈਰ ਨਾ ਹੋਵਣ, ਮੇਰੇ ਵਾਂਗਰ ਹੀ ਹੋਰਾਂ ਦੇ।

ਘੜੀ ਸਗਨਾਂ ਦੀ ਜਦ ਆਈ, ਤਾਂ ਉਹਦੇ ਨੈਣ ਵਗਦੇ ਸੀ,
ਕਿ ਨੱਚਣ ਲੱਗਿਆਂ ਜਿੱਦਾਂ, ਰੁਕਣ ਹੰਝੂ ਨਾ ਮੋਰਾਂ ਦੇ

ਉਹ ਖੰਜ਼ਰ ਨਾਲ ਇਕ ਰਖਦਾ ਹੈ ਮਾਲਾ ਮਣਕਿਆਂ ਵਾਲੀ,
ਦਿਨੇ ਸਾਧਾਂ 'ਚ ਰਲ਼ ਜਾਂਦਾ, ਤੇ ਰਾਤੀਂ ਨਾਲ ਚੋਰਾਂ ਦੇ।

ਕੀ ਬਾਰਾਂਸਿੰਗਿਆ ਅਭਿਮਾਨ ਸਿੰਗਾਂ ਦਾ ਕਰੀਂ ਜਾਨੈ,
ਤੂੰ ਸਿੰਗਾਂ ਕਾਰਨੇ ਆਉਣੈ ਅੜਿੱਕੇ ਮਾਸ-ਖੋਰਾਂ ਦੇ।

ਤੂੰ ਆਦਰ ਨਾਲ ਹੀ ਕਹਿ ਜੋ ਵੀ ਸਾਡੇ ਯਾਰ ਨੂੰ ਕਹਿਣਾ,
ਅਸੀਂ ਆਦੀ ਨਹੀ ਹਾਂ ਭੁਕਰੀਆਂ ਤਨਜਾਂ ਟਕੋਰਾਂ ਦੇ।

ਵਸਲ ਦੀ ਰਾਤ ਦੇ ਮਗਰੋਂ, ਦੁਬਾਰਾ ਹਿਜ਼ਰ ਦੀ ਆਮਦ,
ਕਿ ਲਗਦੈ ਮੁੜ ਗਿਆ ਹੈ ਚੰਨ ਆ ਕੇ ਘਰ ਚਕੋਰਾਂ ਦੇ

ਜਦੋਂ ਮੈ ਫੁੱਲ ਹੋਇਆ ਸੀ, ਉਦੋਂ ਉਹ ਬਣ ਗਿਆ ਪੱਥਰ,
ਭਲਾ ਕਦ ਰਾਜ ਕੋਮਲਤਾ, ਗਲੇ ਉਤਰੀ ਕਠੋਰਾਂ ਦੇ।

ਨਜ਼ਰਾਂ ਨੇ ਸਾਂਝ ਪਾਈ, ਦੂਰੋਂ ਸਲਾਮ ਹੋਏ।
ਲੇਕਿਨ ਦਿਲਾਂ ਦੇ ਮਹਿਰਮ, ਨਾ ਹਮ-ਕਲਾਮ ਹੋਏ।

ਮੰਜ਼ਲ ਤੇ ਜਾਣ ਨੂੰ ਫਿਰ, ਮੇਰਾ ਵੀ ਜੀਅ ਨਾ ਕੀਤਾ,
ਰਸਤੇ ਦੇ ਕੁਛ ਪੜਾਅ ਜਦ, ਉਸ ਦੇ ਮੁਕਾਮ ਹੋਏ।

ਓਹੀ ਬਹਾਰ ਹੈ ਤੇ, ਬੁੱਲ੍ਹੇ ਹਵਾ ਦੇ ਓਹੀ,
ਉਸ ਨੂੰ ਰਹੇ ਮੁਆਫ਼ਕ, ਸਾਨੂੰ ਹਰਾਮ ਹੋਏ।

ਖ਼ਬਰੇ ਕੀ ਇਸ਼ਕ ਨੂੰ ਹੈ ਸਾਡੇ ਹੀ ਨਾਲ ਰੰਜਸ਼,
ਜਦ ਜਦ ਵੀ ਘਾਲ਼ ਘਾਲੀ, ਤਦ ਤਦ ਨਕਾਮ ਹੋਏ ।

ਸੂਰਜ ਦੇ ਸੇਕ ਵਾਂਗਰ, ਮੈਨੂੰ ਉਹ ਸਾੜਦਾ ਹੈ,
ਕਦ ਢਲਣ ਇਹ ਦੁਪਹਿਰਾਂ, ਕਦ ਜਾ ਕੇ ਸ਼ਾਮ ਹੋਏ।

ਸਾਡੀ ਗਲ਼ੀ 'ਚੋਂ ਗੁਜ਼ਰੇ, ਉਹ ਜਾਣ ਬੁੱਝ ਕੇ ਹੁਣ,
ਓਸੇ ਦੀ ਚਾਪ ਦੇ ਹਾਂ ਜਦ ਤੋਂ ਗੁਲਾਮ ਹੋਏ।



ਜਿਨ੍ਹਾਂ ਖਾਤਰ ਅਸੀਂ ਝੋਲੀ ਪੁਆਏ ਦਹਿਕਦੇ ਸ਼ੁਹਲੇ।
ਅਸਾਡੇ ਰਾਖ਼ ਹੋਵਣ ਤਕ, ਉਨ੍ਹਾਂ ਨੇ ਦਰ ਨਹੀ ਖੋਲ੍ਹੇ।

ਉਹਨਾਂ ਨੂੰ ਪਿੰਜਰਾ ਹੀ ਆਪਣੇ ਘਰ ਵਾਂਗ ਲਗਦਾ ਹੈ,
ਕਦੇ ਵੀ ਉਡਣ ਦੀ ਖਾਤਰ ਉਨ੍ਹਾ ਨੇ ਪਰ੍ਹ ਨਹੀ ਤੋਲੇ।

ਜਿਹੜਾ ਇਕ ਬਾਜ਼ ਹੈ ਜਖ਼ਮੀ, ਅਜੇ ਪਰਵਾਜ਼ ਤੋਂ ਆਰ੍ਹੀ,
ਉਹਦੇ ਪਿੱਛੇ ਇਹ ਕਾਵਾਂ ਦੇ ਕਿਵੇਂ ਹੁਣ ਪੈ ਗਏ ਟੋਲੇ।

ਬਲੇਗਾ ਆਪਣਾ ਘਰ ਜਦ, ਉਦੋਂ ਤੜਫਣਗੇ ਫਿਰ ਲੋਕੀ,
ਕਿਸੇ ਦੇ ਅੱਗ ਵੰਡਣ 'ਤੇ ਜਿਹੜੇ ਕੁਛ ਵੀ ਨਹੀ ਬੋਲੇ।

ਉਹ ਸਾਡੇ ਕਾਫ਼ਿਲੇ ਅੰਦਰ ਮੁਖੌਟੇ ਪਾ ਕੇ ਆਏ ਸੀ,
ਤੇ ਸਾਡੇ ਕਾਫ਼ਿਲੇ ਦੇ ਭੇਤ ਉਹਨਾਂ, ਹਰ ਜਗ੍ਹਾ ਫੋਲੇ।

ਲਗਾਏ ਹੈਂਨ ਮੈਂ ਬੂਟੇ, ਅਜੇ ਦੋ ਚਾਰ ਹੀ ਚਲ ਰਾਜ,
ਇਹ ਪੂਰੇ ਵਣ ਤੇ ਭਾਰੀ ਨੇ, ਨਾ ਡੋਲਣਗੇ ਤੇ ਨਾ ਡੋਲੇ।

ਸੁਭਾਅ ਉਸ ਦਾ ਵੀ ਲਗਦਾ ਹੈ, ਮੇਰੀ ਆਵਾਰਗੀ ਵਰਗਾ।
ਤੇ ਆਖ਼ਰ ਮਿਲ ਗਿਆ ਮੈਨੂੰ ਵੀ ਕੋਈ ਜ਼ਿੰਦਗੀ ਵਰਗਾ।

ਉਦ੍ਹੇ ਨਖ਼ਰੇ ਤੇ ਉਂਝ ਭਾਵੇਂ, ਜਲਣ ਪਰੀਆਂ ਨੂੰ ਹੋ ਜਾਂਦੀ,
ਸੁਹਜ ਪਰ ਹੋਰ ਨਾ ਕੋਈ ਵੀ ਉਸ ਦੀ ਸਾਦਗੀ ਵਰਗਾ।

ਗੁਨਾਹਾਂ ਮੇਰਿਆਂ ਨੂੰ ਐ ਖੁਦਾਇਆ ਮਾਫ਼ ਕਰ ਦੇਵੀਂ,
ਕਰਾਂ ਮਹਿਬੂਬ ਦਾ ਚਿੰਤਨ ਤਾਂ ਲਗਦੈ ਬੰਦਗੀ ਵਰਗਾ।

ਹੁਨਾਲਾਂ ਦੀ ਹਵਾ ਵੀ ਹੁਣ ਤਾਂ ਮੈਥੋਂ ਝੂਰਦੀ ਰਹਿੰਦੀ,
ਕਿ ਮੇਰੇ ਨਾਲ ਹੈ ਕੋਈ ਸੁਬ੍ਹਾ ਦੀ ਤਾਜ਼ਗੀ ਵਰਗਾ।

ਜਦੋਂ ਉਹ ਗੁਣਗੁਣਾਊਂਦਾ ਹੈ, ਕਿਤੇ ਕੋਈ ਗ਼ਜ਼ਲ ਮੇਰੀ,
ਉਦੋਂ ਸ਼ਿਅਰਾਂ 'ਚ ਭਰ ਜਾਂਦਾ ਜਿਵੇਂ ਕੁਛ ਪੁਖ਼ਤਗੀ ਵਰਗਾ।



ਓਦਾਂ ਨਾ ਹੁਸਨ ਆਉਂਦਾ, ਭੁੱਲ ਕੇ ਵੀ ਇਸ਼ਕ ਨੇੜੇ।
ਮੂੰਹੋਂ ਨਾ ਬੋਲ ਭਾਵੇਂ, ਦਿਲ ਵਿਚ ਹੈ ਪਿਆਰ ਤੇਰੇ।

ਬੱਦਲਾਂ 'ਚੋਂ ਚੰਨ ਮੇਰਾ, ਰਾਤੀਂ ਗਵਾਚ ਜਾਂਦਾ,
ਤੂੰ ਵੀ ਉਡੀਕਦਾ ਹੈਂ, ਸੂਰਜ ਨੂੰ ਹਰ ਸਵੇਰੇ।

ਮਛਲੀ ਨੇ ਪਿਆਸ ਅਪਣੀ, ਪਾਣੀ ਤੋਂ ਹੀ ਲੁਕੋਈ,
ਹੰਸਾਂ ਨੇ ਦੇਖ ਤੈਨੂੰ, ਮੋਤੀ ਕਦੇ ਨਾ ਛੇੜੇ।

ਜਿਸ ਦਾ ਸ਼ਬਾਬ ਮੇਰੀ ਛੋਹ ਨੂੰ ਤਲਾਸ਼ਦਾ ਹੈ,
ਉਸ ਦੇ ਗੁਲਾਮ ਹੋਏ, ਸਾਰੇ ਹੀ ਖਾਬ ਮੇਰੇ।

ਨੈਣਾਂ ਦੇ ਨਾਲ ਅਪਣੇ, ਲੈਂਦੀ ਹੈ ਕੀਲ ਨਾਗਣ
ਕੀਲਣ ਗਏ ਜੋ ਉਸ ਨੂੰ, ਕੀਲੇ ਗਏ ਸਪੇਰੇ।

ਇਹ ਰਾਜ ਮੁਸਕੁਰਾਵੇ, ਕਰ ਕੇ ਕੋਈ ਤਸੱਵਰ,
ਛੁਪ ਛੁਪ ਕੇ ਮਾਰ ਜਾਂਦਾ, ਸਾਡੀ ਗਲੀ 'ਚ ਗੇੜੇ।

ਉਚਾਣਾਂ ਤੋਂ ਨਿਵਾਣਾਂ ਦਾ ਸਫ਼ਰ ਜਦ ਵੀ ਸ਼ੁਰੂ ਹੋਣਾ।
ਬਦਲ ਕੇ ਇਸ ਪਸਾਰੇ ਨੇ, ਦੁਬਾਰਾ ਫਿਰ ਅਣੂ ਹੋਣਾ।

ਕਲੰਡਰ ਬਣ ਦਿਵਾਰਾਂ ਤੇ ਹਮੇਸ਼ਾ ਲਟਕਦਾ ਰਹਿੰਦੈ,
ਉਦ੍ਹਾ ਬਿਰਥਾ ਗਿਆ ਹੈ ਰਾਮ, ਨਾਨਕ ਤੇ ਯਿਸ਼ੂ ਹੋਣਾ।

ਬਬੀਹਾ ਚੁੱਪ ਕਰ ਜਾਊ, ਮਗਰ ਇਕ ਸ਼ਰਤ ਦੇ ਉੱਤੇ,
ਕਹੋ ਮੌਸਮ ਨੂੰ ਛੱਡ ਦੇਵੇ ਉਹ ਸਾਵਣ ਦੀ ਰਿਤੂ ਹੋਣਾ।

ਹਵਾ ਬਾਗਾਂ ਦੇ ਅੰਦਰ ਤਾਂ, ਖੁਸ਼ੀ ਦੇ ਨਾਲ ਵਗਦੀ ਸੀ,
ਉਨ੍ਹੇ ਮਨਜ਼ੂਰ ਨਾ ਕੀਤਾ ਮਗਰ ਸਹਿਰਾ ਦੀ ਲੂ ਹੋਣਾ।

ਮੁਹੱਬਤ ਰੋਸਿਆਂ ਦੀ ਭੇਂਟ ਚੜ੍ਹ ਕੇ ਹਿਜ਼ਰ ਵਿਚ ਬਦਲੀ,
ਮੇਰੀ ਕਿਸਮਤ ‘ਚ ਹੀ ਸ਼ਾਇਦ, ਨਹੀ ਹੈ ਸੁਰਖੁਰੂ ਹੋਣਾ।



ਆਲ੍ਹਣੇ ਚੋਂ ਬੋਟ ਗਿਰਿਆ, ਇਕ ਦੁਆ ਦਰਕਾਰ ਹੈ।
ਜੀਣ ਖਾਤਰ ਜੰਗ ਛਿੜਿਆ, ਇਕ ਦੁਆ ਦਰਕਾਰ ਹੈ।

ਬੇਖੁਦੀ ਵਿਚ ਉੱਡਦਾ ਚੀਨਾ ਕਬੂਤਰ ਅੰਬਰੀਂ,
ਸ਼ਿਕਰਿਆਂ ਵਿਚਕਾਰ ਘਿਰਿਆ, ਇਕ ਦੁਆ ਦਰਕਾਰ ਹੈ।

ਦੱਸ ਕੇ ਸੂਲੀ ਨੂੰ ਮੁਕਤੀ, ਫਿਰ ਮਸੀਹਾ ਬਾਵਰਾ,
ਆਪਣੇ ਬੋਲਾਂ ਤੋਂ ਫਿਰਿਆ, ਇਕ ਦੁਆ ਦਰਕਾਰ ਹੈ।

ਇਸ ਅਦਾਲਤ ਵਿੱਚ ਕਿੱਦਾਂ ਸੱਚ ਏਨਾ ਬੋਲਿਆ,
ਓਸ ਤੇ ਮੁਨਸਿਫ਼ ਹੈ ਤਿੜਿਆ, ਇਕ ਦੁਆ ਦਰਕਾਰ ਹੈ।

ਲੰਘ ਚੱਲੀ ਮੌਤ ਨੂੰ ਵਾਜਾਂ ਉਹ ਦੂਰੋਂ ਮਾਰ ਕੇ,
ਗੋਦ ਵਿਚ ਜਾ ਆਪ ਗਿਰਿਆ, ਇਕ ਦੁਆ ਦਰਕਾਰ ਹੈ।

ਢਾਰਸਾਂ ਵੀ ਓਸ ਦੇ ਜਖ਼ਮਾਂ ਨੂੰ ਅਕਸਰ ਛਿਲਦੀਆਂ,
ਰਾਜ ਤੋਂ ਜਾਂਦਾ ਨਾ ਵਿਰਿਆ, ਇਕ ਦੁਆ ਦਰਕਾਰ ਹੈ।

ਦੁਬਾਰਾ ਦਿਲ ਨਹੀ ਜੁੜਿਆ, ਦੁਆਵਾਂ ਬੇ-ਅਸਰ ਗਈਆਂ।
ਕਿ ਸੁਪਨਾ ਹੰਝ ਥੀਂ ਖੁਰ੍ਹਿਆ, ਦੁਆਵਾਂ ਬੇ-ਅਸਰ ਗਈਆਂ।

ਅਸੀਂ ਤੇੜਾਂ ਮਿਟਾਉਂਦੇ ਸੀ ਜੋ ਤਿੜਕੇ ਸ਼ੀਸ਼ਿਆਂ ਵਿੱਚੋ,
ਲਹੂ ਉਂਗਲਾਂ 'ਚੋਂ ਵਗ ਤੁਰਿਆ, ਦੁਆਵਾਂ ਬੇ-ਅਸਰ ਗਈਆਂ।

ਬਹਾਰਾਂ ਆਉਣ ਤੋਂ ਪਹਿਲਾਂ, ਜਿਹਦਾ ਮੁੜਨੇ ਦਾ ਵਾਅਦਾ ਸੀ,
ਅਜੇ ਤੀਕਰ ਨਹੀ ਮੁੜਿਆ, ਦੁਆਵਾਂ ਬੇ-ਅਸਰ ਗਈਆਂ।

ਜ਼ਬਤ ਦੀ ਢਾਲ਼ ਵਿਨ੍ਹ ਲੈਂਦਾ ਉਦ੍ਹਾ ਇਕ ਤੀਰ ਨਜ਼ਰਾਂ ਦਾ,
ਮੇਰੀ ਹਸਤੀ 'ਚ ਆ ਪੁੜਿਆ, ਦੁਆਵਾਂ ਬੇ-ਅਸਰ ਗਈਆਂ।

ਨਾ ਚੁਗਦਾ ਚੋਗ ਸੋਨੇ ਦੀ, ਨਾ ਇਹ ਦਿਨ ਦੇਖਣੇ ਪੈਂਦੇ,
ਪਰਿੰਦਾ ਪਿੰਜਰੇ ਹੁੜਿਆ, ਦੁਆਵਾਂ ਬੇ-ਅਸਰ ਗਈਆਂ।

ਅਸੀਂ ਤਾਂ ਓੜਕਾਂ ਤੋਂ ਹੀ ਲਿਖੇ ਨੇ ਗੀਤ ਹਿਜ਼ਰਾਂ ਦੇ,
ਵਸਲ ਦਾ ਗੀਤ ਨਾ ਫੁਰਿਆ, ਦੁਆਵਾਂ ਬੇ-ਅਸਰ ਗਈਆਂ।

ਸੁਭਾਅ ਵਿਚ ਤਲਖੀਆਂ ਭਰੀਆਂ ਨੇ ਤਾਂ ਹੀ ਰਾਜ ਦੇ ਅੱਜ ਕੱਲ,
ਫਿਰੇ ਵਿਸ਼ਵਾਸ ਤੋਂ ਥੁੜਿਆ, ਦੁਆਵਾਂ ਬੇ-ਅਸਰ ਗਈਆਂ।



ਦੱਸ ਕਿੱਥੇ ਛਹਿਬਰ ਲਾਈ, ਨੁਚੜੀ ਬੱਦਲ਼ੀਏ।
ਹੁਣ ਮੇਰੇ ਦਰ ਕਿਉਂ ਆਈ, ਨੁਚੜੀ ਬੱਦਲ਼ੀਏ।

ਝੂਠੇ ਲਾਰੇ ਲਾ ਕੇ ਮੋਰ ਥਕਾ ਦਿੱਤਾ,
ਤੂੰ ਏਨੀ ਪੈਲ ਪਵਾਈ, ਨੁਚੜੀ ਬੱਦਲ਼ੀਏ।

ਇਕ ਪਪੀਹਾ ਤਰਸੇ ਬੂੰਦ ਸੁਆਂਤੀ ਨੂੰ,
ਦੱਸ ਕਿਹਦੀ ਝੋਲੀ ਪਾਈ, ਨੁਚੜੀ ਬੱਦਲ਼ੀਏ।

ਤੇਰੇ 'ਤੇ ਰਿਣ ਧੁੱਪਾਂ ਤੇਹਾਂ ਔੜਾਂ ਦਾ,
ਤੂੰ ਕਣ ਕਣ ਦੀ ਕਰਜ਼ਾਈ, ਨੁਚੜੀ ਬੱਦਲ਼ੀਏ।

ਮੇਰੀ ਪਿਆਸ ਬੁਝਾਉਣੇ ਦਾ ਦਮ ਭਰਦੀ ਸੀ,
ਹੁਣ ਫਿਰਦੀ ਆਪ ਤਿਹਾਈ, ਨੁਚੜੀ ਬੱਦਲੀਏ।

ਚੁੱਪ ਚੁਪੀਤੇ ਵਰ੍ਹ ਗਈ ਜਿਹੜੇ ਥਲ 'ਤੇ ਤੂੰ,
ਉਹ ਨਿੱਕਲਿਆ ਹਰਜ਼ਾਈ, ਨੁਚੜੀ ਬੱਦਲ਼ੀਏ।

ਕੀ ਰਿਸ਼ਤਾ ਹੈ ਤੇਰਾ 'ਵਾ ਦੇ ਬੁੱਲ੍ਹੇ ਨਾਲ,
ਜਿਸ ਉੱਚੀ ਬਹੁਤ ਉਡਾਈ, ਨੁਚੜੀ ਬੱਦਲ਼ੀਏ।

ਗਿੱਲੀ ਲੱਕੜ ਵਾਂਗਰ ਧੁਖ਼ਦਾ ਰਾਜ ਰਿਹਾ,
ਪਰ ਤੂੰ ਨਾ ਅਗਨ ਬੁਝਾਈ, ਨੁਚੜੀ ਬੱਦਲ਼ੀਏ।

ਕਿਸ ਦੇ ਮਜ਼ਾਰ ਉੱਤੇ, ਦੀਵਾ ਜਗਾਉਣ ਆਈ।
ਜਾਓ ਪਤਾ ਤਾਂ ਲਾਓ ਬਿਰਹਣ ਇਹ ਕੌਣ ਆਈ।

ਇਸ ਨੇ ਹੀ ਟ੍ਹਾਣ ਤੋੜੇ, ਇਸ ਨੇ ਹੀ ਪੱਤ ਝਾੜੇ,
ਹੁਣ ਕਿਉਂ ਹਵਾ ਬਿਰਖ਼ ਨੂੰ, ਰੋਂਦੇ ਵਿਰਾਉਣ ਆਈ।

ਪਹਿਲਾਂ ਕਦੋਂ ਵਰ੍ਹੀ ਹੈ, ਜਿਹੜਾ ਕਿ ਹੁਣ ਵਰ੍ਹੇ ਉਹ,
ਆਈ ਘਟਾ ਜਦੋਂ ਵੀ, ਸਹਿਰਾ ‘ਤੇ ਭਾਉਣ ਆਈ।

ਗੋਰਖ ਨੇ ਆਖ ਦੇਣਾ, ਤੇਰਾ ਤਾਂ ਪਿਆਰ ਝੂਠਾ,
ਹੀਰੇ ਤੂੰ ਚਾਕ ਨੂੰ ਕਿਉਂ ਖੈਰਾਂ ਨਾ ਪਾਉਣ ਆਈ।

ਮੁਕਦੀ ਨਹੀਂ ਖੁਆਰੀ, ਪਹਿਲਾਂ ਹੀ ਜ਼ਿੰਦਗੀ ‘ਚੋਂ,
ਉਪਰੋਂ ਇਹ ਯਾਦ ਉਸ ਦੀ, ਮੈਨੂੰ ਸਤਾਉਣ ਆਈ।

ਬਲ਼ਦੇ ਹੋਏ ਵਣਾਂ ‘ਤੇ, ਉਡਦਾ ਜਨੌਰ ਕਿਹੜਾ,
ਬੁਲਬੁਲ ਹੀ ਬੋਟ ਅਪਣੇ ਸ਼ਾਇਦ ਬਚਾਉਣ ਆਈ।

ਖਾਬਾਂ ‘ਚ ਰੋਜ਼ ਉਸ ਦੇ, ਆਉਂਦਾ ਹੈ ਇਕ ਸਮੁੰਦਰ,
ਮੇਰੇ ਤਲਾ ਦੀ ਮਛਲੀ, ਮੈਨੂੰ ਸੁਣਾਉਣ ਆਈ।

ਨਮਦਾਰ ਅੱਖੀਆਂ ਤੋਂ ਇਕ ਰਾਜ਼ ਖੁੱਲ ਨਾ ਜਾਵੇ,
ਬਾਰਿਸ਼ ਦੀ ਬੂੰਦ ਉਸ ਦੇ, ਹੰਝੂ ਛੁਪਾਉਣ ਆਈ।



ਕਦੇ ਸਾਡੇ ਬਨੇਰੇ ਬੋਲ ਕਾਗਾ ਕਾਰਿਆ।
ਮੇਰਾ ਸੱਜਣ ਬੁਲਾ ਦੇ ਕੋਲ ਕਾਗਾ ਕਾਰਿਆ।

ਮੈਂ ਚੂਰੀ ਕੁੱਟ ਕੇ ਰੱਖੀ ਹੈ ਉਹਦੇ ਵਾਸਤੇ,
ਕਦੋਂ ਆਵੇਗਾ ਮੇਰਾ ਢੋਲ ਕਾਗਾ ਕਾਰਿਆ।

ਜ਼ਮਾਨੇ ਤੋਂ ਲੁਕਾ ਰੱਖੀਂ ਸਦਾ ਵੇਦਣ ਮੇਰੇ,
ਸਦਾ ਬਣਦਾ ਰਹੀਂ ਅਣਭੋਲ ਕਾਗਾ ਕਾਰਿਆ।

ਉਦ੍ਹੇ ਤੱਕ ਤੂੰ ਪੁਚੌਣਾ ਜਾਂ ਨਹੀ, ਮਰਜ਼ੀ ਤੇਰੀ,
ਅਸੀਂ ਦੁਖੜਾ ਹੈ ਦਿੱਤਾ ਫੋਲ ਕਾਗਾ ਕਾਰਿਆ।

ਉਹ ਭਾਵੇਂ ਚੀਸ ਹੀ ਬਣਿਆ ਹੈ ਸਾਡੇ ਜਖ਼ਮ ਦੀ,
ਮਗਰ ਇਹ ਚੀਸ ਹੈ ਅਣਮੋਲ, ਕਾਗਾ ਕਾਰਿਆ।

ਗਵਾਚੀ ਕੂੰਜ ਤੱਕਾਂ ਅੰਬਰਾਂ ‘ਚੋਂ ਜਦ ਕਦੇ,
ਉਦੋਂ ਜਾਂਦਾ ਮੇਰਾ ਮਨ ਡੋਲ ਕਾਗਾ ਕਾਰਿਆ।

ਤੂੰ ਮੇਰਾ ਹੰਝੂਆਂ ਥੀਂ ਤਰ ਸਰ੍ਹਾਣਾ ਦੇਖ ਕੇ,
ਕਿਤੇ ਨਾ ਖੋਲ ਦੇਵੀਂ ਪੋਲ ਕਾਗਾ ਕਾਰਿਆ।

ਉਡਾਰੀ ਰਾਜ ਵਾਂਗਰ ਲਾ ਨਾ ਜਾਵੀਂ ਤੂੰ ਕਿਤੇ,
ਰਿਹੈਂ ਜੋ ਖੰਭ ਅਪਣੇ ਤੋਲ ਕਾਗਾ ਕਾਰਿਆ।

ਅਨੁਭਵ ਦੇ ਗੀਤ ਅਲਾਪ ਲਵਾਂ, ਫਿਰ ਜਾਣਾ ਹੈ।
ਮੈਂ ਲਾਹ ਹਉਮੈ ਦਾ ਤਾਪ ਲਵਾਂ, ਫਿਰ ਜਾਣਾ ਹੈ।

ਵਰਜਿਤ ਫ਼ਲ ਦੀ ਤਾਂਘ ਦਬਾਈ ਫਿਰਦਾ ਹਾਂ,
ਜੀ ਕਰਦੈ ਕਰ ਇਕ ਪਾਪ ਲਵਾਂ, ਫਿਰ ਜਾਣਾ ਹੈ।

ਸਬਰ ਵਿਹੂਣੀ ਰੂਹ ਨੂੰ ਕੁਛ ਸੰਤੋਖ ਮਿਲੇ,
ਮੈਂ ਕਰ ਇਸ਼ਕੇ ਦਾ ਜਾਪ ਲਵਾਂ, ਫਿਰ ਜਾਣਾ ਹੈ।

ਉਸ ਦੇ ਆਵਣ ਤੀਕਰ ਹੀ ਰਿਣ ਸਾਹਾਂ ਦਾ,
ਬਸ ਕਦਮਾਂ ਦੀ ਸੁਣ ਚਾਪ ਲਵਾਂ ਫਿਰ ਜਾਣਾ ਹੈ।

ਮੈ ਏਸ ਲਈ ਹੀ ਅਪਣੀ ਅਰਥੀ ਰੋਕ ਲਈ,
ਇਕ ਤੇਰਾ ਹਉਕਾ ਨਾਪ ਲਵਾਂ, ਫਿਰ ਜਾਣਾ ਹੈ।

ਮੇਰੀਆਂ ਛੋਹਾਂ ਤੋਂ ਮੁਰਝਾਈਆਂ ਕਲੀਆਂ ਦੇ,
ਜੀਂਦੇ ਜੀ ਭੋਗ ਸਰਾਪ ਲਵਾਂ, ਫਿਰ ਜਾਣਾ ਹੈ।

ਅਗਲੇ ਜਨਮ ‘ਚ ਰਾਜ ਤੇਰੀ ਪਹਿਚਾਣ ਲਈ,
ਆਹ ਸੂਰਤ ਮਨ ਤੇ ਛਾਪ ਲਵਾਂ, ਫਿਰ ਜਾਣਾ ਹੈ।



ਬਥੇਰਾ ਬਣ ਲਿਆ ਧਰਤੀ, ਚਲੋ ਅਸਮਾਨ ਬਣ ਜਾਈਏ।
ਖੁਦਾ ਬਣਨੇ ਤੋਂ ਪਹਿਲਾਂ ਦੋਸਤੋ ਇਨਸਾਨ ਬਣ ਜਾਈਏ।

ਉਸਾਰੀ ਮਹਿਲ ਜਾਂਦੇ ਨੇ , ਜਲਾ ਕੇ ਝੁੱਗੀਆਂ ਜੋ ਵੀ,
ਉਨ੍ਹਾਂ ਦੇ ਘਰ ਜਲਾਉਂਣੇ ਦਾ, ਅਸੀਂ ਸਾਮਾਨ ਬਣ ਜਾਈਏ।

ਉਠਾ ਕੇ ਤਖ਼ਤ ਦੇ ਉੱਤੋਂ, ਸਲੀਬਾਂ ਦੇ ਸੁਦਾਗਰ ਨੂੰ,
ਸਲਤਨਤ ਆਪਣੀ ਦੇ ਖੁਦ ਅਸੀਂ ਸੁਲਤਾਨ ਬਣ ਜਾਈਏ।

ਉਹ ਭੁੱਖੇ ਨੌਨਿਹਾਲਾਂ ਦੀ ਯਤੀਮੀ ਕਰਜ਼ ਸਾਡੇ ਤੇ,
ਉਨ੍ਹਾਂ ਦੇ ਪੂੰਝ ਕੇ ਹੰਝੂ, ਚਲੋ ਮੁਸਕਾਨ ਬਣ ਜਾਈਏ।

ਨਿਰੇ ਬੱਦਲ ਬਣਾਂਗੇ ਤਾਂ ਕਿਸੇ ਨੂੰ ਕੁਛ ਨਹੀ ਹਾਸਲ,
ਪਿਆਸੇ ਥਲ ‘ਤੇ ਬਾਰਿਸ਼ ਦਾ ਚਲੋ ਇਮਕਾਨ ਬਣ ਜਾਈਏ।

ਇਹ ਰੱਜੇ ਨੂੰ ਰਜਾਉਂਣੇ ਦੀ, ਤਾਂ ਕੋਈ ਤੁਕ ਨਹੀ ਬਣਦੀ,
ਅਸੀਂ ਹੁਣ ਲੋੜਵੰਦਾਂ ਦੀ ਕਿਤੇ ਗੁਜ਼ਰਾਨ ਬਣ ਜਾਈਏ।

ਸ਼ਬਦ ਗੁੰਝਲ ਪਾ ਗਏ, ਕਵਿਤਾ ਅਧੂਰੀ ਰਹਿ ਗਈ।
ਬੇਬਸੀ ਦੀ ਰੇਣ ਸਫਿਆਂ ਤੇ ਬਰੂਰੀ ਰਹਿ ਗਈ।

ਜਿਸਮ ਅਪਣਾ ਸੌਂਪ ਮੈਨੂੰ, ਆਪ ਕਿਧਰੇ ਤੁਰ ਗਿਆ,
ਲਾ ਕੇ ਸੀਨੇ ਓਸ ਨੂੰ ਹਾਲੇ ਵੀ ਦੂਰੀ ਰਹਿ ਗਈ।

ਨੈਣ, ਨੈਣਾਂ ਨਾਲ ਤਾਂ ਕਰਦੇ ਰਹੇ ਸੀ ਗੁਫ਼ਤਗੂ,
ਪਰ ਜ਼ੁਬਾਨੋਂ ਕਹਿਣ ਵਾਲੀ ਗੱਲ ਜ਼ਰੂਰੀ ਰਹਿ ਗਈ।

ਆਣ ਕੇ ਹੋਠਾਂ ਤੇ ਮੇਰੇ ਬੋਲ ਹੀ ਸ਼ਰਮਾ ਗਏ,
ਅਣ-ਕਹੀ ਇਕ ਦਾਸਤਾਂ ਪੂਰੀ ਦੀ ਪੂਰੀ ਰਹਿ ਗਈ।

ਓਸ ਦੇ ਹੀ ਲਾਰਿਆਂ ਉੱਤੇ ਕਮਾਇਆ ਇਸ਼ਕ ਮੈਂ,
ਹਉਕਿਆਂ ਦੀ ਓਸ ਦੇ ਵੱਲ ਕੁਛ ਮਜ਼ੂਰੀ ਰਹਿ ਗਈ।

ਜਾਣ ਬਾਬਤ ਸੁਣ ਕੇ ਮੇਰੇ ਊਂ ਤਾਂ ਉਹ ਮੁਸਕਾ ਪਿਆ,
ਪਰ ਨੂਰਾਨੀ ਮੁੱਖੜੇ ਤੇ, ਇਕ ਬੇ-ਨੂਰੀ ਰਹਿ ਗਈ।

ਰਾਜ ਅਪਣਾ ਆਪ ਹੀ ਜਦ ਓਸ ਨੂੰ ਮੈਂ ਅਰਪਿਆ,
ਹੋਰ ਇਸ ਤੋਂ ਬਾਦ ਕਿਹੜੀ ਜੀ ਹਜ਼ੂਰੀ ਰਹਿ ਗਈ।



ਤਿੱਖੀ ਤਰਾਟ ਸਹਿੰਦਾ, ਇਕ ਸ਼ਿਅਰ ਹੂੰਗਿਆ ਸੀ।
ਨੈਣਾਂ 'ਚੋਂ ਜਦ ਗਜ਼ਲ ਦੇ, ਮੈਂ ਨੀਰ ਪੂੰਝਿਆ ਸੀ।

ਮੈਨੂੰ ਕਦੇ ਨਾ ਰੜਕੀ, ਦੁਸ਼ਮਣ ਦੀ ਘਾਟ ਮੁੜ ਕੇ,
ਮੈਂ ਦੁਸ਼ਮਣਾਂ ਦੇ ਵਰਗਾ ਇਕ ਯਾਰ ਢੂੰਡਿਆ ਸੀ।

ਕਰਕੇ ਗੁਲੱਮ ਜਿਸ ਦਾ, ਆਖਰ ਤੇ ਬਿਰਧ ਹੋਇਆ,
ਮਾਲਕ ਦੀ ਸ਼ਹਿ ਤੇ ਢੱਗਾ ਕਾਵਾਂ ਨੇ ਠੂੰਗਿਆ ਸੀ।

ਟੁੱਟਣਾ ਤੇ ਬਿਖਰ ਜਾਣਾ ਆਇਆ ਨਾ ਰਾਸ ਮੈਨੂੰ,
ਅਪਣੇ ਹੀ ਟੁਕੜਿਆਂ ਨੂੰ, ਮੈ ਆਪ ਹੂੰਝਿਆ ਸੀ।

ਜਿਸ ਰੋਗ ਦਾ ਧਨੰਤਰ ਰਹਿੰਦਾ ਸੀ ਨਾਲ ਮੇਰੇ,
ਉਸ ਰੋਗ ਨੇ ਹੀ ਮੈਨੂੰ, ਪਲ ਪਲ ਚਰੂੰਡਿਆ ਸੀ।

ਮੁਸ਼ਕਲ ਦੇ ਨਾਲ ਜਿਸ 'ਤੇ ਥੋੜਾ ਅੰਗੂਰ ਆਇਆ,
ਉਹ ਜ਼ਖਮ ਹੱਸ ਕੇ ਤੂੰ, ਫਿਰ ਤੋਂ ਖਰੂੰਡਿਆ ਸੀ।

ਉਹ ਤਾਂ ਖਮੋਸ਼ ਚਿਰ ਤੋਂ, ਆਈ ਅਵਾਜ਼ ਕਿੱਥੋਂ ?
ਤੇਰਾ ਹੈ ਰਾਜ ਤੇਰਾ, ਇਕ ਬੋਲ ਗੂੰਜਿਆ ਸੀ।

ਅੰਤਰ ਮਨ ਚੋਂ ਮੌਲ਼ਦੀਆਂ ਨੇ, ਅੰਤਰ-ਬੋਧੀ ਕਵਿਤਾਵਾਂ।
ਸ਼ਾਇਰ ਲੋਕ ਫਕੀਰਾਂ ਵਰਗੇ ਗਾਉਣ ਸਰੋਦੀ ਕਵਿਤਾਵਾਂ।

ਰਾਗ ਜਫਾ ਦੇ ਉੱਤੇ ਹੀ ਉਹ ਗੀਤ ਵਫਾ ਦੇ ਗਾ ਲੈਂਦਾ,
ਮਹਿਫਲ ਅੰਦਰ ਯਾਰ ਸੁਣਾਵੇ, ਆਪ-ਵਿਰੋਧੀ ਕਵਿਤਾਵਾਂ।

ਤੇਰਾ ਝੂਠ ਬਚਾਉਂਦੇ ਨੇ ਮੈਂ ਅਪਣਾ ਸੱਚ ਹੀ ਮਾਰ ਲਿਆ,
ਮੇਰੇ ਉੱਤੇ ਖਿਝੀਆਂ ਖਿਝੀਆਂ ਰਹਿਣ ਕਰੋਧੀ ਕਵਿਤਾਵਾਂ।

ਮੈਂ ਲਭਦਾ ਹਾਂ ਸ਼ਬਦਾਂ ਨੂੰ ਤੇ ਤੇਰੀ ਖਾਹਸ਼ ਦੌਲਤ ਦੀ,,
ਤੇਰੀ ਰੋਜੀ ਰਿਜ਼ਕ ਰਹੇ ਪਰ, ਮੇਰੀ ਰੋਜੀ ਕਵਿਤਾਵਾਂ।

ਤਿੱਤਲੀਆਂ ਬਣ ਪਰੀਆਂ ਆਈਆਂ, ਤਾਰੇ ਬਣ ਬਣ ਕੇ ਜੁਗਨੂੰ,
ਸਭ ਨੂੰ ਚੋਜ਼ ਦਿਖਾ ਕੇ ਗਈਆਂ ਫਿਰ ਉਹ ਚੋਜ਼ੀ ਕਵਿਤਾਵਾਂ।

ਜਗ ਤੇ ਜਿਉਂਦੇ ਰੱਖਦੀਆਂ ਨੇ ਮਰਨੋਂ ਬਾਅਦ ਵੀ ਸ਼ਾਇਰ ਨੂੰ,
ਮਰਨੋਂ ਪਹਿਲਾਂ ਖੇਡਦੀਆਂ ਜੋ ਉਸ ਦੀ ਗੋਦੀ ਕਵਿਤਾਵਾਂ।

ਜਿਉਂਦੇ ਜੀਅ ਤਾਂ ਸੇਧ ਮਿਲੇ, ਤੇ ਮੋਇਆਂ ਨੂੰ ਨਿਰਵਾਣ ਮਿਲੇ,
ਅਰਸ਼ੋਂ ਚਲ ਕੇ ਆਈਆਂ ਨੇ ਕੁਛ, ਦੇਵਣ ਸੋਝੀ ਕਵਿਤਾਵਾਂ।

ਪੌਣਾਂ ਕੋਲੋਂ ਪੁੱਛ ਲਿਆ ਕਰ, ਹਾਲ ਨਿਪੱਤੇ ਰੁੱਖਾਂ ਦਾ,
ਰਾਜ ਹੁਲਾਸੇ ਜੰਗਲ ਤੇ ਜਦ ਲਿਖਦੈਂ ਖੋਜੀ ਕਵਿਤਾਵਾਂ।



ਮਰਕਜ਼ੋਂ ਥਿੜਕੀ ਨਜ਼ਰ, ਨਾ ਆਰ ਦੀ, ਨਾ ਪਾਰ ਦੀ।
ਨਾ ਇਬਾਦਤ ਹੈ ਖ਼ੁਦਾ ਦੀ, ਨਾ ਇਬਾਦਤ ਯਾਰ ਦੀ।

ਨਾ ਲਹੂ, ਨਾ ਜਖ਼ਮ ਕਿਧਰੇ, ਇਸ਼ਕ ਦਿੰਦਾ ਚੀਸ ਕਿਉਂ,
ਆ ਮੇਰੇ ਚਾਰਾਗਰਾ ਤੂੰ, ਲੈ ਖ਼ਬਰ ਬੀਮਾਰ ਦੀ।

ਪਾਰਲੇ ਨਿਰਵਾਣ ਦਾ ਲਾਰਾ ਤਾਂ ਰਹਿਬਰ ਲਾ ਗਿਆ,
ਫਿਰ ਸਤਾਉਂਦੀ ਫ਼ਿਕਰ ਸਾਨੂੰ ਕਿਉਂ ਸਦਾ ਉਰਵਾਰ ਦੀ।

ਕੌਲ ਅਪਣੇ ‘ਤੇ ਕਦੇ ਵੀ ਨਾ ਮਸੀਹਾ ਠਹਿਰਿਆ,
ਓਸ ਤੋਂ ਕੀ ਆਸ ਲਾਈਏ ਹੁਣ ਅਸੀਂ ਇਕਰਾਰ ਦੀ।

ਆਖ਼ਰੀ ਕੋਸ਼ਿਸ਼ ਸੁਲ੍ਹਾ ਦੀ, ਲੱਗ ਰਹੀ ਬੇਕਾਰ ਹੈ
ਜਿਦ ਫੜੀਂ ਬੈਠਾ ਉਹ ਜਿੱਦੀ, ਫੇਰ ਤੋਂ ਇਨਕਾਰ ਦੀ।

ਰੋਜ਼ੀ ਰੋਟੀ ਦਾ ਹੀ ਗ਼ਮ, ਸਾਡੀ ਜਵਾਨੀ ਖਾ ਗਿਆ,
ਬੇਕਸਾਂ ਕੀ ਦੇਖਣੀ, ਲਾਲੀ ਤੇਰੇ ਰੁਖ਼ਸਾਰ ਦੀ।

ਰਾਜ ਨੇ ਸਾਝਾਂ ਹੀ ਕੀਤਾ ਨਾ ਕਿਸੇ ਦੇ ਨਾਲ ਗ਼ਮ
ਉਮਰ ਭਰ ਤੱਕਦਾ ਰਿਹਾ ਉਹ ਰਾਹ ਕਿਸੇ ਗ਼ਮਖ਼ਾਰ ਦੀ।

✪

ਓਸ ਘਰ ਚੋਂ ਮੇਰੀਆਂ ਹੁਣ ਸੁਣਦੀਆਂ ਸਿਫ਼ਤਾਂ ਨਹੀ।
ਓਸ ਘਰ ਹੁਣ ਜੀਅ ਨਾ ਲਗਦਾ, ਓਸ ਘਰ ਹੁਣ ਮਾਂ ਨਹੀ।

ਰੋਜ਼ ਹੀ ਨਜ਼ਰਾਂ ਉਤਾਰੇ, ਕੌਣ ਆ ਕੇ ਮੇਰੀਆਂ,
ਮਾਂ ਬਿਨਾਂ ਪੁੱਤਰਾਂ ਤੇ ਕੋਈ ਵਾਰਦਾ ਮਿਰਚਾਂ ਨਹੀ।

ਉਸ ਦੀ ਫੋਟੋ ਲਾ ਕੇ ਸੀਨੇ ਅੱਜ ਕਿਉਂ ਤੂੰ ਰੋ ਰਿਹੈਂ।
ਜਿਉਂਦੇ ਜੀਅ ਤਾਂ ਮਾਂ ਦੀਆਂ, ਕਰੀਆਂ ਕਦੇ ਕਦਰਾਂ ਨਹੀ।

ਜ਼ਹਿਰ ਮੇਰੇ ਗ਼ਮ ਦਾ ਸਾਰਾ, ਅੰਮੜੀ ਨੇ ਪੀ ਲਿਆ,
ਛੇੜੀਆਂ ਉਸ ਨੇ ਕਦੇ ਪਰ ਮੇਰੀਆਂ ਖੁਸ਼ੀਆਂ ਨਹੀ।

ਮੇਰਿਆਂ ਹੱਥਾਂ 'ਚ ਸ਼ੀਸਾ, ਟੁੱਟਿਆ ਪਰ ਫੇਰ ਵੀ,
ਮੇਰੀਆਂ ਤਲੀਆਂ 'ਚ ਕਿਧਰੇ ਰੜਕੀਆਂ ਕਿਰਚਾਂ ਨਹੀ।

ਹੁਣ ਕਿਸੇ ਨੇ ਆਣ ਕੇ ਹੰਝੂ ਨਾ ਤੇਰੇ ਪੂੰਝਣੇ,
ਰਾਜ ਰਿਸ਼ਤੇ ਨਾਤਿਆਂ ਦੀਆਂ ਉਂਝ ਤਾਂ ਕਮੀਆਂ ਨਹੀ।



✪

ਕਾਲਾ ਕਾਲਾ ਕੋਇਆ ਲਗਦੈ।
ਅੱਖ 'ਚੋਂ ਕੱਜਲ ਚੋਇਆ ਲਗਦੈ।

ਲੱਖ ਦਿਖਾਉਂਦਾ ਹੱਸ ਕੇ ਸਾਨੂੰ,
ਅੰਦਰ ਵੜ ਕੇ ਰੋਇਆ ਲਗਦੈ।

ਨਾਗਾਂ ਨੇ ਰਲ਼ ਜਸ਼ਨ ਮਨਾਏ,
ਕਮਲਾ ਜੋਗੀ ਮੋਇਆ ਲਗਦੈ।

ਮਾਂ ਦੇ ਦਿਲ ਨੂੰ ਘੇਰ ਪਈ ਕਿਉਂ,
ਪੁੱਤਰ ਨੂੰ ਕੁਛ ਹੋਇਆ ਲਗਦੈ।

ਨਾਲੀ ਵਿਚ ਦੁਧ ਰੁੜਿਆ ਜਾਂਦਾ,
ਫੇਰ ਸ਼ਿਵਾਲਾ ਧੋਇਆ ਲਗਦੈ।

ਭੁੱਖੇ ਢਿੱਡ ਵੀ ਸੌਂ ਲੈਂਦਾ ਉਹ,
ਗੁਰਬਤ ਨੇ ਵਰਸੋਇਆ ਲਗਦੈ,

ਅੱਜ ਉਹ ਸਭ ਤੋਂ ਉੱਚਾ ਦਿਸਦਾ,
ਨੇਜ਼ੇ ਸੀਸ ਪਰੋਇਆ ਲਗਦੈ।

ਪਾਣੀ ਉੱਤੇ ਤਰਦੀਆਂ ਗ਼ਜ਼ਲਾਂ,
ਏਥੇ ਰਾਜ ਡੁਬੋਇਆ ਲਗਦੈ।

ਅੰਬਰ ਉਦਾਸ ਹੋਇਆ, ਜਲ ਥਲ ਉਦਾਸ ਹੈ।
ਉਸ ਦੇ ਬਿਨਾ ਅਸਾਡਾ, ਹਰ ਪਲ ਉਦਾਸ ਹੈ।

ਨਿੱਕੀ ਜਿਹੀ ਘਟਾ ਨੇ ਬਲ਼ਦੇ ਨੂੰ ਢਕ ਲਿਆ,
ਸੂਰਜ਼ ਘਟਾ ਦੇ ਥੱਲੇ ਬਿਹਬਲ ਉਦਾਸ ਹੈ।

ਦਿਲ ਬੇਕਸੂਰ ਉਸ ਦਾ ਮਚਦਾ ਰਹੇ, ਸਦਾ,
ਹਿਰਖਾਂ ਦੀ ਅੱਗ ਅੰਦਰ ਹੀ ਜਲ਼ ਉਦਾਸ ਹੈ।

ਮੰਜਲ ਦੇ ਕੋਲ ਆ ਕੇ, ਰਸਤਾ ਗਵਾ ਲਿਆ,
ਹੈਰਾਨ ਹੈ ਮੁਸਾਫਿਰ, ਚਲ ਚਲ ਉਦਾਸ ਹੈ।

ਹਰ ਕਾਫਿਲੇ ਚੋਂ ਖਬਰੇ ਕੀ ਹੈ ਤਲਾਸ਼ਦਾ,
ਹਰ ਕਾਰਵਾਂ 'ਚ ਹੋ ਕੇ ਸ਼ਾਮਲ ਉਦਾਸ ਹੈ।

ਛੱਤਾਂ ਉਧੇੜ ਕੇ ਉਹ ਕੰਧਾਂ ਵੀ ਲੈ ਗਿਆ,
ਕੱਲੀ ਖੜੀ ਹੈ ਘਰ ਦੀ, ਸਰਦਲ ਉਦਾਸ ਹੈ।

ਹੜ੍ਹ ਨੇ ਜੜ੍ਹਾਂ ਤੋਂ ਮਿੱਟੀ ਲਾਹੀ ਹੈ ਇਸ ਤਰ੍ਹਾਂ,
ਗ਼ਮਗੀਨ ਰੁੱਖ ਹੋਇਆ, ਹਰ ਫ਼ਲ਼ ਉਦਾਸ ਹੈ।

ਖਾਮੋਸ਼ ਵਗ ਰਹੀ ਹੈ ਚਿਰ ਤੋਂ ਹੀ ਇਹ ਨਦੀ,
ਲਗਦੈ ਇਹ ਪਾਣੀਆਂ ਦੀ ਕਲ ਕਲ ?ਦਾਸ ਹੈ।

ਕੋਈ ਨਰਾਜ਼ ਹੋ ਕੇ, ਬੈਠਾ ਹੈ ਖਾਹ-ਮਖਾਹ,
ਤਾਂਹੀ ਤਾਂ ਰਾਜ ਦਿਸਦਾ ਅੱਜ-ਕੱਲ ਉਦਾਸ ਹੈ।



ਅਰਸ਼ਾਂ 'ਚ ਉੱਡਣਾ ਹੁਣ, ਉਸ ਨੂੰ ਹਰਾਮ ਲਗਦੈ।
ਪੰਛੀ ਉਹ ਪਿੰਜਰੇ ਦਾ ਏਨਾ ਗੁਲਾਮ ਲਗਦੈ।

ਝੋਲੀ ਪੁਆ ਕੇ ਮੁੜਿਆ, ਊਜ਼ਾਂ ਅਤੇ ਉਲ੍ਹਾਮੇ,
ਉਸ ਦੀ ਵਫਾ ਦਾ ਉਸ ਨੂੰ ਮਿਲਿਆ ਇਨਾਮ ਲਗਦੈ।

ਰੋਇਆ ਹੈ ਜ਼ਿੰਦਗੀ ਭਰ, ਏਨਾ ਕਿ ਹੁਣ ਤਾਂ ਐਵੇਂ,
ਸੁਣਦੀ ਕਿਤੇ ਜੇ ਸਿਸਕੀ, ਉਸ ਦਾ ਹੀ ਨਾਮ ਲਗਦੈ।

ਬੁਲਬੁਲ ਨੇ ਉਮਰ ਸਾਰੀ, ਬੋਟਾਂ ਦੇ ਨਾਮ ਕੀਤੀ,
ਰੀਝਾਂ ਤੇ ਲੱਗਿਆ ਹੁਣ, ਪੂਰਨ ਵਿਰਾਮ ਲਗਦੈ।

ਉਲਫ਼ਤ ਦੇ ਨਾਮ ਤੇ ਹੁਣ, ਰਹਿੰਦਾ ਖ਼ਫ਼ਾ ਖ਼ਫ਼ਾ ਉਹ,
ਇਸ਼ਕੇ 'ਚ ਹਰ ਕਦਮ ਤੇ, ਹੋਇਆ ਨਕਾਮ ਲਗਦੈ।

ਸਾਕਾਰਤਾ ਚੋਂ ਉਸ ਨੂੰ ਦਿਸਦੀ ਨਕਾਰਤਾ ਕਿਉਂ,
ਮੰਜ਼ਰ ਸਵੇਰ ਦਾ ਵੀ, ਉਸ ਨੂੰ ਤਾਂ ਸ਼ਾਮ ਲਗਦੈ।

ਚਸ਼ਮੇ ਦਾ ਨੀਰ ਨਿਰਮਲ, ਕਿੱਧਰ ਨੂੰ ਵਗ ਪਿਆ ਹੈ,
ਖਾਰਾ ਹੀ ਇਕ ਸਮੁੰਦਰ, ਉਸ ਦਾ ਮੁਕਾਮ ਲਗਦੈ।

ਜੇ ਕਿਸਮਤ ਮਿਹਰਬਾਂ ਹੁੰਦੀ, ਤਾਂ ਛੋਟੀ ਰਾਤ ਹੋ ਜਾਂਦੀ।
ਉਹ ਸੁਪਨਾ ਆਉਣ ਤੋਂ ਪਹਿਲਾਂ, ਕਿਤੇ ਪਰਭਾਤ ਹੋ ਜਾਂਦੀ।

ਕਦੇ ਵੀ ਜ਼ਹਿਰ ਮੇਰੇ ਵਾਸਤੇ ਤੇਰੇ ’ਚ ਭਰਦੀ ਨਾ,
ਜੇ ਆਮੋ-ਸਾਮ੍ਹਣੇ ਅਪਣੀ ਕਿਤੇ ਗੱਲ ਬਾਤ ਹੋ ਜਾਂਦੀ।

ਮਸ਼ਾਲਾਂ ਵਾਂਗਰਾਂ ਜਗ ਪੈਂਦੀਆਂ ਨੇ ਮੇਰੀਆਂ ਗਜ਼ਲਾਂ,
ਜੇ ਕਿਧਰੇ ਰਸਤਿਆਂ ਵਿਚ ਨ੍ਹੇਰ ਦੀ ਬਹੁਤਾਤ ਹੋ ਜਾਂਦੀ।

ਉਹ ਕਾਸਾ ਦੇਖਦਾ ਖਾਲੀ, ਤਾਂ ਅੱਗੋਂ ਮੁਸਕੁਰਾ ਪੈਂਦਾ,
ਉਦ੍ਹਾ ਕੁਛ ਵੀ ਨਹੀ ਜਾਂਦਾ, ਮੇਰੀ ਖੈਰਾਤ ਹੋ ਜਾਂਦੀ।

ਉਹ ਮਨ ਦੀ ਮੌਜ਼ ਵਿਚ ਆਕੇ, ਜੇ ਮੇਰਾ ਨਾਮ ਲੈ ਲੈਂਦਾ,
ਉਦੋਂ ਅਸਮਾਨ ਤੋਂ ਉੱਚੀ, ਮੇਰੀ ਔਕਾਤ ਹੋ ਜਾਂਦੀ।

ਖ਼ੁਦਾ ਐਵੇਂ ਨਹੀ ਦਿਸਦਾ ਹੈ ਸੋਹਣੇ ਯਾਰ ਦੇ ਵਿੱਚੋਂ,
ਮਤੇ ਆਸ਼ਕ ਤੇ ਅੱਲਾ ਦੀ ਤਾਂ ਇੱਕੋ ਜ਼ਾਤ ਹੋ ਜਾਂਦੀ।

ਉਹ ਚਿੱਤਰ ਬੱਦਲਾਂ ਦੇ ਵਾਹ ਰਿਹਾ ਹੈ ਕਾਗਜ਼ਾਂ ਉੱਤੇ,
ਖ਼ੁਦਾਇਆ ! ਓਸ ਦੇ ਵਿਹੜੇ ਵੀ ਹੁਣ ਬਰਸਾਤ ਹੋ ਜਾਂਦੀ।

ਮੇਰੇ ਯਾਰਾਂ ਦੀ ਮਹਿਫਿਲ ਦਾ, ਪਤਾ ਦਸਤੂਰ ਹੈ ਮੈਨੂੰ,
ਸ਼ੁਰੂ ਬਸ ਨਿੰਦਿਆ ਮੇਰੀ, ਮੇਰੇ ਪਸ਼ਚਾਤ ਹੋ ਜਾਂਦੀ।



ਜਾਂਦੀ ਬਹਾਰ ਨੂੰ ਜੋ, ਅੱਗੋਂ ਸੀ ਹੋੜ ਲੈਂਦਾ।
ਹੁਣ ਕਿਉਂ ਖਿਜ਼ਾਂ ਉਹ ਅਪਣੇ, ਪਿੰਡੇ ਤੇ ਓੜ ਲੈਂਦਾ।

ਉਹ ਵੇਦਨਾਂ ਨੂੰ ਏਦਾਂ, ਮੈਥੋਂ ਛੁਪਾ ਰਿਹਾ ਹੈ,
ਆਇਆ ਲਬਾਂ ਤੇ ਹਉਕਾ, ਪਿੱਛੇ ਹੀ ਮੋੜ ਲੈਂਦਾ।

ਉਸ ਦੇ ਗਰਾਂ ‘ਚ ਮੇਰੇ, ਟੁਕੜੇ ਪੁਚਾ ਕੇ ਆਓ,
ਸੁਣਿਐ ਕਿ ਉਹ ਮਸੀਹਾ, ਟੁੱਟਿਆਂ ਨੂੰ ਜੋੜ ਲੈਂਦਾ।

ਕਰਨਾ ਹੈ ਇਸ਼ਕ ਜੇਕਰ, ਏਨਾਂ ਖਿਆਲ ਰੱਖੀਂ,
ਤਨ ਚੋਂ ਇਹ ਖ਼ੂਨ ਦਾ ਹਰ, ਕਤਰਾ ਨਿਚੋੜ ਲੈਂਦਾ।

ਸ਼ਬਦਾਂ ਦਾ ਇੱਕ ਦਰਿਆ ਵਗਦਾ ਹੈ ਓਸ ਵਿੱਚੋਂ,
ਜਦ ਵੀ ਗ਼ਜ਼ਲ ਸੁਣਾਉਂਦਾ, ਨਾਲੇ ਹੀ ਰੋੜ੍ਹ ਲੈਂਦਾ।

ਪਹਿਲਾਂ ਨਹੀ ਪਤਾ ਸੀ, ਮੂਹਰੇ ਹੈ ਬੇਵਫਾਈ,
ਵਰਨਾ ਮੈਂ ਉਸ ਤੋਂ ਖ਼ੁਦ ਨੂੰ, ਪਹਿਲਾਂ ਵਿਛੋੜ ਲੈਂਦਾ।

ਦਿਸਣਾ ਸੀ ਰਾਜ ਤੂੰ ਹੀ, ਸਭ ਟੁਕੜਿਆਂ ਦੇ ਵਿੱਚੋਂ,
ਸ਼ੀਸ਼ਾ ਵਜੂਦ ਅਪਣਾ, ਕਿੰਨਾਂ ਵੀ ਤੋੜ ਲੈਂਦਾ।

ਧੁਰ ਦਰਗਾਹੋਂ ਮਾਰ ਪਵੇਗੀ ਦੇਖੀਂ ਏਸ ਕੁਚੱਜੇ ਨੂੰ।
ਕਿਣਕਾ ਭਰ ਵੀ ਲਾਜ ਨਹੀ ਹੈ, ਮੇਰੇ ਇਸ਼ਕ ਨਿਲੱਜੇ ਨੂੰ।

ਮੇਰੇ ਆਲ਼ ਦੁਆਲੇ ਤਾਂ ਕੁਛ, ਐਸੀ ਪਰਦੇ-ਦਾਰੀ ਹੈ,
ਖੱਬਾ ਕਿਹੜੀ ਹਰਕਤ ਕਰਦਾ, ਖ਼ਬਰ ਨ ਹੁੰਦੀ ਸੱਜੇ ਨੂੰ।

ਮੇਰੇ ਸਿਰ ਤੇ ਮੰਡਰਾਉਂਦਾ ਹੈ ਮੇਘ ਮੇਰੇ ਅਰਮਾਨਾਂ ਦਾ.
ਜੇਕਰ ਇਸ ਤੋਂ ਵਰ੍ਹ ਨਾ ਹੋਇਆ, ਕੀ ਕਰਨਾ ਫਿਰ ਗੱਜੇ ਨੂੰ।

ਇੱਕੋ ਗੱਲ ਦਾ ਝੋਰਾ ਮੈਨੂੰ, ਉਮਰਾਂ ਤੀਕ ਰੁਆਵੇਗਾ,
ਭੁੱਖੇ ਕੋਲੋਂ ਖੋਹ ਕੇ ਮੈਂ ਕਿਉਂ, ਦੇ ਆਇਆ ਸੀ ਰੱਜੇ ਨੂੰ।

ਮੈਨੂੰ ਮਿਲਿਆ ਜਖ਼ਮ ਅਨੋਖਾ, ਨਿੱਤ ਹੀ ਜਣਦਾ ਪੀੜ ਨਵੀਂ,
ਜਿਦ ਨਾ ਕਰਿਓ ਦੇਖਣ ਦੀ, ਹੁਣ ਰਹਿਣ ਦਿਓ ਬਸ ਕੱਜੇ ਨੂੰ।

ਏਨੀ ਜਲਦੀ ਮੈਥੋਂ ਨਾ ਹੁਣ ਹੋਰ ਮੁਹੱਬਤ ਪਾ ਹੋਣੀ,
ਹਾਲੇ ਬਹੁਤਾ ਚਿਰ ਨਾ ਹੋਇਆ, ਪਿੱਠ 'ਚ ਖੰਜਰ ਵੱਜੇ ਨੂੰ।

ਵਰਕੇ ਕਾਲੇ ਕਰਕੇ ਐਵੇਂ, ਰਾਜ ਕਹੇ ਕਵਿਤਾਵਾਂ ਨੇ,
ਕਵਿਤਾ ਜਿਸ ਦਿਨ ਮੱਥੇ ਲੱਗੀ, ਰਾਹ ਨਾ ਲੱਭਣਾ ਭੱਜੇ ਨੂੰ।



ਜੇਕਰ ਨਗ਼ਮੇਂ ਰਹਿਣ ਅਛੂਤੇ, ਫੋਕੇ ਸ਼ੋਰ ਸ਼ਰਾਬੇ ਤੋਂ।
ਸਰਗਮ ਰਹਿੰਦੀ ਪਾਕ ਪਵਿੱਤਰ, ਕੂੜ ਦੇ ਸਿੱਲ੍ਹ ਸਲ੍ਹਾਬੇ ਤੋਂ।

ਯਾਰ ਮੇਰਾ ਹੀ ਤੀਰਥ ਮੈਨੂੰ, ਓਸ 'ਚ ਡੁਬਕੀ ਲਾ ਲੈਣੀ,
ਮੈਂ ਕੀ ਲੈਣਾ ਗੰਗਾ ਨ੍ਹਾ ਕੇ, ਮੈਂ ਕੀ ਲੈਣਾ ਕਾਬੇ ਤੋਂ।

ਲੋਕੀ ਕਹਿਣ ਨਿਆਣਾ ਸੱਜਣ, ਮੈਨੂੰ ਬੁੱਢਾ ਲਗਦਾ ਹੈ,
ਬਾਬੇ ਨੂੰ ਜਿਉਂ ਅਕਲ ਥਿਆਈ, ਸਰਬ ਵਿਆਪੀ ਬਾਬੇ ਤੋਂ।

ਮੇਰੇ ਅੰਦਰ ਦੇਵਤਿਆਂ ਦੇ, ਨਾਲ ਵਸੇਂਦੇ ਦਾਨਵ ਨੇ,
ਇਕ ਤਾਂ ਮੰਗਣ ਖ਼ੂਨ ਸਦਾ, ਇਕ ਡਰਦੇ ਖ਼ੂਨ ਖਰਾਬੇ ਤੋਂ।

ਕਰ ਚੁੱਕੈਂ ਤੂੰ ਜਿੰਨਾਂ ਕਰਨਾ, ਹੁਣ ਤੀਕਰ ਨੁਕਸਾਨ ਮੇਰਾ,
ਹੁਣ ਨਾ ਤੇਰੇ ਥੱਲੇ ਲਗਣਾ, ਹੁਣ ਨਾ ਡਰਨਾ ਦਾਬੇ ਤੋਂ।

ਬਾਗਾਂ ਵਿਚ ਦੀ ਹੁੰਦਾ ਹੋਇਆ, ਜੰਗਲ ਵੱਲ ਨੂੰ ਹੋ ਤੁਰਿਆ,
ਲਗਦੈ ਰਾਜ ਰਹੇਗਾ ਵਿਰਵਾ, ਇੱਛਤ ਫ਼ਲ਼ ਨਾਯਾਬੇ ਤੋਂ।

ਤੁਸੀਂ ਤਾਂ ਸੋਚਦੇ ਹੋ ਬਸ, ਉਗਾਉਣਾ ਅੰਨ ਹੈ ਉਸ ਨੇ।
ਤੇ ਭੁੱਖੇ ਰਹਿਣ ਦਾ ਵੀ ਨਾਲ, ਭਰਨਾ ਡੰਨ ਹੈ ਉਸ ਨੇ।

ਤੁਸੀਂ ਦੀਵੇ ਬੁਝਾ ਦਿੱਤੇ, ਜਦੋਂ ਉਸ ਦੇ ਬਨੇਰੇ ਤੋਂ,
ਤਾਂ ਬਣਕੇ ਆਪਣੇ ਵਿਹੜੇ ਹੀ ਚੜ੍ਹਨਾ ਚੰਨ ਹੈ ਉਸ ਨੇ।

ਤੁਸੀਂ ਭਾਵੇ ਉਸਾਰੋ ਲੱਖ ਅਪਣੇ ਤੇ ਉਦ੍ਹੇ ਵਿਚਕਾਰ,
ਤੁਹਾਡੇ ਰੂਬਰੂ ਹੋਣਾ ਇਹ ਕੰਧਾਂ ਭੰਨ ਹੈ ਉਸ ਨੇ।

ਉਦ੍ਹੇ ਹੱਕਾਂ ਨੂੰ ਕਿੰਨਾਂ ਵੀ ਤਿਜੋਰੀ ਵਿੱਚ ਸਾਂਭ ਲਵੋ,
ਤੁਹਾਡੇ ਘਰ ਨੂੰ ਲਾ ਲੈਣੀ ਕਿਸੇ ਦਿਨ ਸੰਨ੍ਹ ਹੈ ਉਸ ਨੇ।

ਬਥੇਰੀ ਖਿੱਚ ਧੂਹ ਕੀਤੀ, ਤੁਸੀਂ ਹੁਣ ਤੀਕਰਾਂ ਉਸ ਦੀ,
ਸਮੇਂ ਦੇ ਹਾਣ ਦਾ ਬਣ ਕੇ, ਹੁਣਾ ਚੇਤੰਨ ਹੈ ਉਸ ਨੇ।

ਵਿਚੋਲੀ ਵਿੱਦਿਆ ਨੇ ਬਣ ਕੇ ਉਸ ਦਾ ਸਾਕ ਲੈ ਜਾਣਾ,
ਤੇ ਲਾੜਾ ਬਣ ਕੇ ਸੁੱਖਾਂ ਦਾ ਹੀ ਚੜ੍ਹਨਾ ਜੰਨ ਹੈ ਉਸ ਨੇ।



ਉਸ ਦਾ ਚਿਹਰਾ ਤਾਂ ਮੈਨੂੰ ਹਰ ਵੇਲੇ ਹੀ ਯਾਦ ਰਿਹਾ।
ਭਾਵੇਂ ਖੁਸ਼ੀਆਂ ਤੋਂ ਵਿਰਵਾ, ਮਨ ਮੇਰਾ ਨਾਸ਼ਾਦ ਰਿਹਾ।

ਉਂਝ ਤਾਂ ਭਾਵੇਂ ਸੁੰਨ-ਮ-ਸੁੰਨਾਂ, ਮੇਰਾ ਆਲ ਦੁਆਲਾ ਸੀ।
ਜ਼ਿਹਨ ‘ਚ ਤੇਰੇ ਹਾਸੇ ਦਾ ਹਰ ਦਮ ਵਜਦਾ ਨਾਦ ਰਿਹਾ।

ਮੇਰੀ ਉੱਜੜੀ ਹਸਤੀ ‘ਚੋਂ, ਉਸ ਦੇ ਖੰਡਰ ਨਾ ਟੋਲ੍ਹੋ,
ਏਸ ਉਜਾੜੇ ਵਿੱਚੋਂ ਵੀ ਸੁਪਨਾ ਇਕ ਆਬਾਦ ਰਿਹਾ।

ਇਕ ਦੂਜੇ ਦੇ ਦੁਸ਼ਮਣ ਹਨ, ਦੋਵੇਂ ਮੇਰੇ ਅਪਣੇ ਸੀ,
ਫਰਜ਼ਾਂ ਨਾਲ ਮੁਰਾਦਾਂ ਦਾ, ਚਲਦਾ ਵਾਦ ਵਿਵਾਦ ਰਿਹਾ।

ਆਪੋ ਅਪਣੀ ਬੂੰਦ ਸੁਆਂਤੀ, ਹਰ ਸਿੱਪੀ ਨੂੰ ਮਿਲ ਜਾਵੇ,
ਸਬਰੋਂ ਊਣਾ ਦਿਲ ਮੇਰਾ, ਕਰਦਾ ਇਹ ਫਰਿਆਦ ਰਿਹਾ।

ਔਂਤ ਹੰਢਾ ਕੇ ਜਾਵਣ ਦਾ, ਮੈਂ ਕੀ ਝੋਰਾ ਲਾਵਾਂ ਹੁਣ,
ਗੀਤ ਪਲੇਠੇ ਗ਼ਮ ਦਾ ਹੀ, ਬਣ ਕੇ ਮੇਰੀ ਔਲਾਦ ਰਿਹਾ।

ਥੋੜੇ ਦਮਾਂ ਦੀ ਜਿੰਦਗੀ, ਹੁਣ ਤਾਂ ਸਹਾਰਾ ਟੋਲ੍ਹ ਦੇ।
ਸੁਣ ਵੇ ਚਮਨ ਦੇ ਮਾਲਕਾ, ਤੂੰ ਫੁੱਲ ਪਿਆਰਾ ਟੋਲ੍ਹ ਦੇ ।

ਸੁਪਨਾ ਜੋ ਮੇਰਾ ਗੁਮਸ਼ੁਦਾ, ਸੁਪਨਾ ਉਹੀ ਸੁਲਤਾਨ ਸੀ,
ਦਾਤਾਰ ਸੁਪਨਸਨਾਸ਼ ਤੂੰ, ਸੁਪਨਾ ਦੁਬਾਰਾ ਟੋਲ੍ਹ ਦੇ।

ਲਹਿਰਾਂ ਨੇ ਮੇਰੇ ਨਾਲ ਅਕਸਰ, ਕੀਤੀਆਂ ਮਨਮਰਜੀਆਂ,
ਤਰਲਾ ਤੇਰਾ ਐ ਨਾਖੁਦਾ, ਤੂੰ ਹੀ ਕਿਨਾਰਾ ਟੋਲ੍ਹ ਦੇ।

ਚਿਰਕਾਲਿ ਸੂਤਰਧਾਰ ਦੇ ਦਰ ਤੇ ਮੈਂ ਪਾਵਾਂ ਵਾਸਤਾ,
ਹਾੜ੍ਹਾ ਉਏ ! ਵਸਲਾਂ ਦਾ ਹੀ, ਇਕ ਪਲ ਉਧਾਰਾ ਟੋਲ੍ਹ ਦੇ।

ਜੋਗੀ ਬਣਾਂ ਮੈਂ ਗੋਰਖਾ, ਕਾਸਾ ਵੀ ਹੱਥ ‘ਚ ਫੜ ਲਵਾਂ,
ਜਿੱਥੇ ਹੈ ਮੇਰੀ ਹੀਰ ਵਸਦੀ, ਉਹ ਚੁਬਾਰਾ ਟੋਲ੍ਹ ਦੇ।

ਇਕ ਫੁੱਲ ਟੁਟ ਕੇ ਟਾਣ੍ਹੀਓਂ, ਅਰਸ਼ਾਂ ਦਾ ਤਾਰਾ ਹੋ ਗਿਆ,
ਓ ਰਾਜ ਦਿਲ ਦੇ ਮਹਿਰਮਾ, ਚਲ ਉਹ ਸਿਤਾਰਾ ਟੋਲ੍ਹ ਦੇ।



ਲੱਜ ਗੁਆ ਕੇ ਅੱਖੀਆਂ ਲਾਈਆਂ ਸਾਂਵਰਿਆ।
ਸਾਨੂੰ ਮੁੜਕੇ ਰਾਸ ਨ ਆਈਆਂ ਸਾਂਵਰਿਆ।

ਦੂਰ ਦੁਰੇਡੇ ਬੁਲਬੁਲ ਘੇਰੀ ਬਾਜਾਂ ਨੇ,
ਆਲ੍ਹਣਿਆਂ ‘ਚੋਂ ਪੈਣ ਦੁਹਾਈਆਂ ਸਾਂਵਰਿਆ।

ਸੁਣਿਐ ਤੇਰੇ ਦੇਸ ਮੁਹੱਬਤ ਵਿਕ ਜਾਂਦੀ,
ਹੁਣ ਨਾ ਦੇਵੀਂ ਹੋਰ ਸਫਾਈਆਂ ਸਾਂਵਰਿਆ।

ਸੰਗਾਂ ਸ਼ਰਮਾਂ ਅਣਖਾਂ ਸ਼ੋਖ ਅਦਾਵਾਂ ਮੈਂ,
ਤੇਰੇ ਉੱਤੇ ਘੋਲ ਘੁਮਾਈਆਂ ਸਾਂਵਰਿਆ।

ਹਰ ਸੱਸੀ ਹੀ ਥਲ ਦੇ ਲੇਖੇ ਲਗ ਜਾਂਦੀ,
ਜਦ ਵੀ ਪੁੰਨੂੰ ਪਾਉਣ ਜੁਦਾਈਆਂ ਸਾਂਵਰਿਆ।

ਹਉਕੇ ਹਾਵੇ ਤੇ ਕੁਛ ਯਾਦਾਂ ਤੈਂਡੜੀਆਂ,
ਏਹੋ ਮੇਰੀਆਂ ਕਿਰਤ ਕਮਾਈਆਂ ਸਾਂਵਰਿਆ।

ਮੈਂ ਕਾਮਣ ਤਾਂ ਸਾਰਾ ਸਾਗਰ ਡੀਕ ਗਈ,
ਰੀਝਾਂ ਮੇਰੀਆਂ ਫੇਰ ਤਿਹਾਈਆਂ ਸਾਂਵਰਿਆ।

ਬਿਨ ਤੇਰੇ ਨਾ ਆਵੇ ਨੀਂਦ ਵਿਯੋਗਣ ਨੂੰ,
ਵਢ ਵਢ ਖਾਵਣ ਲੇਫ-ਤਲਾਈਆਂ ਸਾਂਵਰਿਆ

✪

ਓਸ ਤੋਂ ਜਿੰਨੀ ਹੋ ਸਕਦੀ, ਉਹ ਫਿਜ਼ਾ ਰੌਸ਼ਨ ਕਰੇ ।
ਨ੍ਹੇਰਿਆਂ ਦੇ ਨਾਲ ਕਿੰਨਾਂ, ਚੰਨ ਦੀ ਕਾਤਰ ਲੜੇ ।

ਸ਼ਹਿਰ ਦੇਖੀ ਅੱਗ ਵਿਕਦੀ, ਉਹ ਗਰਾਂ ਨੂੰ ਤੁਰ ਪਿਆ,
ਪਰ ਗਰਾਂ ਦੇ ਲੋਕ ਵੀ, ਅੰਗਿਆਰ ਲੈ ਕੇ ਸੀ ਖੜੇ ।

ਸੱਚ ਤੇ ਪਹਿਰਾ ਦਿਆਂਗਾ, ਮੈਂ ਕਿਹਾ ਸੀ ਵਾਰ ਵਾਰ,
ਸੱਚ ਦੀ ਖਾਤਰ ਭਲਾ ਹੁਣ, ਕੌਣ ਸੂਲੀ ਤੇ ਚੜ੍ਹੇ ।

ਰੁਮਕਦੀ ਇਸ ਪੌਣ ਅੰਦਰ, ਭਰ ਗਿਆ ਵਹਿਸ਼ਤ ਕੋਈ,
ਆਲ੍ਹਣੇ ਚੋਂ ਬੋਟ ਡਿੱਗੇ, ਬਿਰਖ ਦੇ ਪੱਤਰ ਝੜੇ ।

ਇਨਕਲਾਬੀ ਨਜ਼ਮ ਦੀ ਥਾਂ ਉਹ ਕਸੀਦਾ ਪੜ੍ਹ ਗਿਆ,
ਸੁਖ਼ਨਵਰ ਬਹਿਰੂਪੀਆ ਹੈ , ਮਰਨ ਤੋਂ ਕਿੰਨਾਂ ਡਰੇ ।

ਇਸ ਨੂੰ ਸਹਿਰਾ ਕਰ ਗਿਆ ਹੈ ਆਦਮੀ ਦਾ ਲੋਭ ਹੀ,
ਇਸ ਜਿਮੀਂ ਤੇ ਲਹਿਲਹਾਉਂਦੇ ਸੀ ਕਦੇ ਜੰਗਲ ਹਰੇ ।

ਕਿਉਂ ਜਗਾਵੋਂਗੇ ਤੁਸੀਂ ਲੋਕਾਂ ਨੂੰ ਡੂੰਘੀ ਨੀਂਦ ਚੋਂ,
ਜਦ ਤੁਹਾਨੂੰ ਸੁੱਤਿਆਂ ਦੇ ਹੋ ਰਹੇ ਫਾਇਦੇ ਬੜੇ ।

ਕਰ ਲਵੇ ਚਲ ਜੇ ਹੈ ਕਰਨੀ ਪਿੱਠ ਪਿੱਛੇ ਦੁਸ਼ਮਣੀ,
ਮੂੰਹ ਤੇ ਐਪਰ ਦੋਸਤੀ ਦਾ ਢੋਂਗ ਨਾ ਕਰਿਆ ਕਰੇ ।

ਉਹ ਮੇਰੀ ਪਰਵਾਹ ਨਾ ਕਰਦਾ, ਚਲ ਨਹੀ ਤਾਂ ਨਾ ਸਹੀ,
ਸਾਰ ਲੈਣਾ ਮੈਂ ਵੀ ਓਦਾਂ, ਓਸ ਦਾ ਜਿੱਦਾਂ ਸਰੇ ।

ਰਾਜ ਕੱਲੇ ਰਹਿਣ ਦਾ ਵੀ ਇਕ ਮਜ਼ਾ ਹੈ ਆਪਣਾ,
ਨਾ ਕੋਈ ਛੱਡ ਕੇ ਹੀ ਜਾਂਦਾ, ਨਾ ਕੋਈ ਤੁਹਮਤ ਮੜ੍ਹੇ ।



✪

ਉਦਾਸੇ ਅੱਖਰਾਂ ਨੂੰ ਵੀ, ਗ਼ਜ਼ਲ ਦੀ ਜੂਨ ਪਾ ਦਿੰਦਾ ।
ਉਹਦਾ ਬਿਰਹਾ ਮੇਰੇ ਕੋਲੋਂ ਗ਼ਜ਼ਲ ਆਪੇ ਲਿਖਾ ਦਿੰਦਾ ।

ਜਦੋਂ ਵੀ ਖੋਲ੍ਹ ਕੇ ਬਹਿੰਦਾ ਹੈ ਯਾਦਾਂ ਦੀ ਪਟਾਰੀ ਨੂੰ,
ਉਹਦੀ ਆਵਾਜ਼ ਵਿਚਲਾ ਦਰਦ ਪੱਥਰ ਵੀ ਰੁਆ ਦਿੰਦਾ ।

ਕਿਸੇ ਨੇ ਲਾ ਲਈ ਕਿੱਦਾਂ ਉਹਦੇ ਮਹਿਬੂਬ ਦੀ ਸੂੰਧਕ,
ਉਹ ਜਿਹਦਾ ਨਾਮ ਰੇਤਾ 'ਤੇ, ਸਦਾ ਲਿਖ ਕੇ ਮਿਟਾ ਦਿੰਦਾ ।

ਬਚਾ ਕੇ ਦੁੱਖ ਹੀ ਰੱਖਦਾ ਹੈ ਅਪਣੇ ਵਾਸਤੇ ਸਾਰੇ,
ਤੇ ਲੋਕਾਂ ਵਾਸਤੇ ਉਹ ਸਾਰੀਆਂ ਖੁਸ਼ੀਆਂ ਲੁਟਾ ਦਿੰਦਾ ।

ਨਗਰ ਦੇ ਹਰ ਬਸ਼ਰ ਨੇ ਓਸ ਨੂੰ ਦੁਰਕਾਰ ਦਿੱਤਾ ਹੈ,
ਮਗਰ ਉਹ ਸ਼ਖਸ ਹਰਗਿਜ਼ ਨਾ ਕਿਸੇ ਨੂੰ ਬਦ- ਦੁਆ ਦਿੰਦਾ ।

ਨਦੀ ਦੇ ਨੀਰ ਨੂੰ ਜੀਵਨ ਕਹੋ ਜਾਂ ਫਿਰ ਕਜ਼ਾ ਆਖੋ,
ਬੁਝਾਉਂਦਾ ਪਿਆਸ ਹੈ ਜੇਕਰ, ਤਾਂ ਬਸਤੀ ਵੀ ਮਿਟਾ ਦਿੰਦਾ ।

ਟਰੈਫਿਕ ਦੇ ਧੂਏਂ ਦੇ ਨਾਲ ਮਰਦਾ ਮਰ ਗਿਆ ਇਕ ਦਿਨ,
ਮਗਰ ਉਹ ਬਿਰਖ ਆਖ਼ਰ ਤਕ ਰਿਹਾ ਤਾਜ਼ੀ ਹਵਾ ਦਿੰਦਾ ।

ਕਿ ਜਿਹਦੇ ਆਉਣ ਦੀ ਕਨਸੋ, ਸੈਆਂ ਤਾਂਘਾਂ ਜਗਾ ਦਿੰਦੀ,
ਉਹਦਾ ਹੀ ਜਾਣ ਦਾ ਕਹਿਣਾ, ਦਿਲੀਂ ਹਲਚਲ ਮਚਾ ਦਿੰਦਾ ।

ਜਦੋਂ ਵੀ ਕਾਮਨਾ ਕਰਦਾਂ, ਮੈਂ ਚੰਦਨ ਵਾਂਗ ਮਹਿਕਣ ਦੀ ,
ਸੁਨੇਹਾ ਏਸ ਦਾ ਅਕਸਰ ਉਹ ਨਾਗਾਂ ਨੂੰ ਪੁਚਾ ਦਿੰਦਾ ।

✪

ਰੀਝਾਂ ਦੇ ਬਹਿਕਾਵੇ 'ਤੇ, ਪਾਰ ਦੁਮੇਲਾਂ ਕਰ ਆਏ ।
ਨਾ ਉਹ ਪੁੱਜੇ ਮੰਜ਼ਲ ਤਕ, ਨਾ ਹੀ ਵਾਪਸ ਘਰ ਆਏ ।

ਭੇਸ ਬਣਾ ਕੇ ਰੂਹਾਂ ਦਾ, ਲੋਕ ਖੜੇ ਨਿਰਵਾਣ ਲਈ,
ਲਾਹ ਜਿਸਮਾਂ ਦੇ ਚੋਗੇ ਨੂੰ, ਮਕਤਲ ਅੰਦਰ ਧਰ ਆਏ ।

ਚਾਰ ਕੁ ਤਾਰੇ ਤੋੜ ਲਏ, ਤੇਰੀ ਮਾਂਗ ਸਜਾਉਣ ਲਈ,
ਦੇਣ ਉਲ੍ਹਾਮਾ ਇਸ ਦਾ ਫਿਰ , ਲਟਬੌਰੇ ਅੰਬਰ ਆਏ ।

ਵੱਡੀ ਮਛਲੀ ਆ ਕੇ ਹੁਣ, ਪੂੰਗ ਦੁਆਲੇ ਫਿਰਦੀ ਹੈ,
ਇਹ ਦੱਸਣਾ ਤਾਂ ਮੁਸ਼ਕਲ ਹੈ, ਕਦ ਕਿਸ ਦਾ ਨੰਬਰ ਆਏ ।

ਤੇਰੇ ਘਰ ਦੇ ਬੂਹੇ ਤੇ ਪਹਿਰਾ ਦਿੰਦੀ ਅੱਗ ਸਦਾ,
ਮੋਮੀ ਕਾਇਆਂ ਨਾਲ ਅਸੀਂ, ਫਿਰ ਵੀ ਤੇਰੇ ਦਰ ਆਏ ।

ਮੈਂ ਵਿਕਣਾ ਨਈਂ ਚਹੁੰਦਾ ਸੀ, ਪੇਸ਼ ਗਈ ਨਾ ਰਾਜ ਉਦੋਂ,
ਮਹਿਰਮ ਮੇਰੇ ਦਿਲ ਦੇ ਹੀ, ਜਦ ਬਣ ਕੇ ਤਾਜਰ ਆਏ ।



✪

ਸੋਚ ਕੇ ਜੋ ਕੁਛ ਵੀ ਉਸ ਦੇ, ਘਰ ਗਿਆ, ਮਨ ਬਾਵਰਾ ।
ਕਹਿ ਨਾ ਸਕਿਆ ਓਸ ਨੂੰ, ਕੁਝ ਡਰ ਗਿਆ, ਮਨ ਬਾਵਰਾ ।

ਓਸ ਨੇ ਦਿੱਤਾ ਸੀ ਮੈਨੂੰ ਇਸ਼ਕ ਤੋਂ ਕੋਰਾ ਜਵਾਬ,
ਹੱਸਿਆ ਪਹਿਲਾਂ ਤੇ ਮੁੜਕੇ, ਭਰ ਗਿਆ ਮਨ ਬਾਵਰਾ ।

ਉਹ ਤਾਂ ਮਿਟ ਕੇ ਮੁਸਕੁਰਾਵੇ, ਮੈਂ ਮਿਟਾ ਕੇ ਵੀ ਉਦਾਸ,
ਜਿੱਤ ਕੇ ਆਖ਼ਰ ਕਿਸੇ ਤੋਂ, ਹਰ ਗਿਆ ਮਨ ਬਾਵਰਾ ।

ਮੁੱਦਤਾਂ ਦੇ ਬਾਦ ਆ ਕੇ, ਉਹ ਮੁੜੇ ਵਾਪਸ ਜਦੋਂ,
ਪਲ ਦੋ ਪਲ ਜੀ ਕੇ ਦੁਬਾਰਾ, ਮਰ ਗਿਆ ਮਨ ਬਾਵਰਾ ।

ਪਿਆਰ ਚੋਂ ਤਾਕਤ ਕੋਈ ਮਿਲਦੀ ਯਕੀਨਨ ਏਸ ਨੂੰ,
ਐਵੇਂ ਨਾ ਏਨੇ ਤਸੀਹੇ, ਜਰ ਗਿਆ ਮਨ ਬਾਵਰਾ ।

ਨੀਂਦ ਦੀ ਗੋਦੀ 'ਚ ਇਕ, ਨਿਰਜਿੰਦ ਸੁਪਨਾ ਦੇਖ ਕੇ,
ਪਹਿਨ ਕੇ ਅੱਗ ਦੇ ਵੀ ਵਸਤਰ, ਠਰ ਗਿਆ ਮਨ ਬਾਵਰਾ ।

ਰਾਜ ਨੇ ਤਾਂ ਛੱਡਿਆ ਮੰਝਧਾਰ ਵਿਚ ਹੀ ਏਸ ਨੂੰ,
ਪਰ ਸਮਰਪਣ ਦੇ ਸਹਾਰੇ, ਤਰ ਗਿਆ ਮਨ ਬਾਵਰਾ ।

✪

ਕਿਸੇ ਥਾਂ ਅਸਤ ਹੋ ਕੇ ਫਿਰ, ਕਿਸੇ ਥਾਂ ਜਾ ਉਦੈ ਹੋਇਆ ।
ਹੈ ਸੂਰਜ ਭਟਕਦੇ ਵਰਗਾ, ਮੇਰਾ ਹੁਣ ਤਾਂ ਸਵੈ ਹੋਇਆ ।

ਇਹ ਰੁੱਤਾਂ ਨੇ ਕਸੀਸਾਂ ਵੱਟੀਆਂ ਨੇ ਝੂਠੀਆਂ ਐਵੇਂ,
ਹਵਾ ਦਾ ਦਰਦ ਹਾਲੇ ਤਾਂ ਕਿਸੇ ਤੋ ਵੀ ਨਾ ਲੈ ਹੋਇਆ ।

ਉਹ ਦੇਰੀ ਨਾਲ ਆਇਆ ਸੀ, ਚਲੋ ਆਇਆ ਤਾਂ ਸੀ, ਐਪਰ,
ਉਹ ਕਿਰਿਆਂ ਹੰਝੂਆਂ ਤੋਂ ਫਿਰ, ਨਹੀ ਨੈਣਾਂ 'ਚ ਪੈ ਹੋਇਆ ।

ਮੇਰੇ ਹੀ ਜ਼ਬਤ ਵਿਚ ਕੋਈ, ਖੁਨਾਮੀ ਰਹਿ ਗਈ ਹੋਣੀ,
ਜਿਹੜਾ ਕਿਰਦਾਰ ਨੂੰ ਜਿੱਤ ਕੇ, ਨਫ਼ਸ ਮੇਰਾ ਅਜੈ ਹੋਇਆ ।

ਨਿਰਾ ਅਹਿਸਾਸ ਤੋਂ ਕੋਰਾ, ਉਹਦਾ ਮੁਰਸ਼ਦ ਹੀ ਪੱਥਰ ਸੀ,
ਬਿਨੈ ਕਰਦਾ ਉਹ ਉਮਰਾਂ ਤੋਂ, ਤੇ ਆਖ਼ਰ ਖੁਦ ਬਿਨੈ ਹੋਇਆ ।

ਮੈਂ ਸਾਗਰ ਲੰਘ ਕੇ ਵੀ ਆਣ ਵਸਿਆ ਸ਼ਹਿਰ ਸੀ ਉਸ ਦੇ,
ਉਹਦੇ ਤੋਂ ਪਰ ਮੇਰੇ ਘਰ ਤੀਕ ਦਾ ਪੈਂਡਾ ਨਾ ਤੈਅ ਹੋਇਆ ।



## ਕਿਤਾਬ ਦਾ ਬੈਕ ਪੇਜ

ਕਵੀਆਂ ਦੀਆਂ ਸਤਰਾਂ ਸੁਰ ਹੋਈਆਂ ਕੱਸੀਆਂ ਤਾਰਾਂ ਵਰਗੀਆਂ ਹੁੰਦੀਆਂ ਹਨ । ਉਨ੍ਹਾਂ ਤਾਰਾਂ ਵਿਚ ਕਵੀ ਦੇ ਵਜੂਦ ਦੀਆਂ ਤਰੰਗਾਂ ਹੁੰਦੀਆਂ ਹਨ ਜਿਹੜੀਆਂ ਕੁਦਰਤ ਦੀਆਂ ਰਮਜ਼ਾਂ ਅਤੇ ਸਮੇਂ ਦੀ ਗਤੀ ਨਾਲ ਪੈਦਾ ਹੁੰਦੀਆਂ ਹਨ । ਕੁਦਰਤ ਦੀਆਂ ਰਮਜ਼ਾਂ ਅਤੇ ਸਮੇਂ ਦੀ ਗਤੀ ਕਵੀ ਦੇ ਮਨ ਵਿੱਚ ਵਿਸਮਾਦ, ਸੰਤਾਪ, ਸੰਜੋਗ, ਵਿਯੋਗ, ਦੁੱਖ, ਹਿਰਖ਼ , ਖੁਸ਼ੀ ਗ਼ਮ ਤੇ ਵਿਦਰੋਹ ਦੇ ਭਾਵ ਪੈਦਾ ਕਰਦੇ ਹਨ । ਇਨ੍ਹਾਂ ਸਾਰੇ ਭਾਵਾਂ ਦੀਆਂ ਤਰੰਗਾਂ ਨੂੰ ਸੁਰ ਹੋਈਆਂ ਸਤਰਾਂ ਵਿੱਚ ਬਦਲਨ ਲਈ ਗਹਿਰੀ ਇਕਾਗਰਤਾ ਵੀ ਚਾਹੀਦੀ ਹੈ ਤੇ ਸ਼ਬਦਾਂ ਦਾ ਮਹੀਨ ਸ਼ਿਲਪ ਵੀ । ਰਾਜਵੰਤ ਰਾਜ ਦੀਆਂ ਗ਼ਜ਼ਲਾਂ ਪੜਦਿਆਂ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਉਹ ਸ਼ਾਇਰੀ ਦੇ ਇਸ ਭੇਦ ਦਾ ਮਹਿਰਮ ਵੀ ਹੈ ਤੇ ਸਾਧਕ ਵੀ । 'ਰਾਗਣੀਆਂ' ਦੀ ਰਚਨਾ ਲਈ ਬਹੁਤ ਪਿਆਰ, ਮੁਬਾਰਕ ਤੇ ਦੁਆਵਾਂ ।

ਡਾ: ਸੁਰਜੀਤ ਪਾਤਰ

ਪੁਸਤਕ ਦੀ ਹਰੇਕ ਗ਼ਜ਼ਲ ਦੇ ਹਰ ਸ਼ਿਅਰ ਵਿੱਚ ਜਿੱਥੇ ਦਰਿਆ ਜਿਹੀ ਰਵਾਨੀ ਹੈ , ਝੀਲ ਜਿਹਾ ਠਹਿਰਾਵ ਅਤੇ ਸਮੁੰਦਰ ਜਿਹੀ ਚੰਚਲਤਾ ਹੈ ਉਥੇ ਹੀ ਸੰਵੇਦਨਸ਼ੀਲਤਾ ਦੇ ਨਾਲ ਨਾਲ ਸੋਚ ਦੀ ਪਰਿਪੱਕਤਾ ਵੀ ਪਰਤੱਖ ਨਜ਼ਰ ਆਉਂਦੀ ਹੈ । ਪੁਸਤਕ ਪੜਦਿਆਂ ਬਹੁਤ ਵਾਰ ਇੰਝ ਪਰਤੀਤ ਹੁੰਦਾ ਹੈ ਜਿਵੇਂ ਵਸਲ ਦੀ ਤਾਂਘ ਤੇ ਹਿਜ਼ਰ ਦੀ ਪੀੜ ਪੌਣਾਂ ਦਾ ਰੁਦਨ ਬਣ ਗਈ ਹੋਵੇ ਅਤੇ ਪੂਰੀ ਲੋਕਾਈ ਇਸ ਦੀ ਵੇਦਨਾ 'ਚ ਸਮਾ ਗਈ ਹੋਵੇ ।

ਪ੍ਰਿੰ: ਸਿਮਰਤ ਸੁਮੈਰਾ

ਰਾਜ ਦੀ ਪੰਜਾਬੀ ਸਾਹਿਤ ਵਿਚ ਪੈੜ ਚਾਲ ਸਲਾਹੁਣਯੋਗ ਹੈ । ਇਸ ਸ਼ਾਇਰ ਨੂੰ ਗ਼ਜ਼ਲ ਦੇ ਬੰਦਸ਼ੀ ਸੁਭਾਅ ਦੀ ਵੀ ਪੂਰੀ ਜਾਣਕਾਰੀ ਹੈ । ਜਿਸ ਕਰਕੇ ਬਹਿਰ ਵਜ਼ਨ ਪਖੋਂ ਕਿਤੇ ਵੀ ਨਹੀ ਡੋਲਦਾ । ਉਸ ਨੂੰ ਅਰੂਜ਼ ਦਾ ਗਿਆਨ ਅਤੇ ਅਭਿਆਸ ਇਸ ਕਦਰ ਹੈ ਕਿ ਸਹਿਜ ਸੁਭਾ ਹੀ ਉਹ ਗ਼ਜ਼ਲ ਦੀ ਜ਼ਮੀਨ ਦੀ ਚੋਣ ਅਤੇ ਕਾਫ਼ੀਆ ਰਦੀਫ਼ ਪ੍ਰਤੀ ਪੂਰੀ ਤਰਾਂ ਸੁਚੇਤ ਹੋਣ ਦਾ ਪਰਮਾਣ ਦਿੰਦਾ ਹੈ ।

ਡਾ: ਐਸ ਤਰਸੇਮ

ਰਾਜ ਦੀ ਸ਼ਿਅਰਕਾਰੀ ਵਿੱਚ ਸੁੰਦਰਮ ਦਾ ਗੁਣ ਤਾਂ ਹੈ ਹੀ ਨਾਲ ਹੀ ਸੱਤਿਅਮ ਤੇ ਸ਼ਿਵਮ ਵਾਲੇ ਪਰਮ ਗੁਣ ਵੀ ਨਿਹਤ ਹਨ । ਉਸ ਦਾ ਹਰ ਸ਼ਿਅਰ ਮਨ ਮਸਤਕ ਨੂੰ ਤਰਕ, ਬਿਬੇਕ ਨਾਲ, ਅਤੇ ਦਿਲ ਨੂੰ ਜਜ਼ਬੇ ਨਾਲ, ਉਤੇਜਿਤ ਕਰਦਾ ਹੈ । ਉਸ ਦੇ ਸ਼ਿਅਰਾਂ ਵਿਚ ਵਸਤੂ ਯਥਾਰਥ ਵੀ ਹੈ ਅਤੇ ਸੁਪਨ ਸੰਸਾਰ ਨੂੰ ਸੁਰਜੀਤ ਕਰਨ ਦਾ ਸੁਪਨਾ ਵੀ ਹੈ ।

ਸੁਲੱਖਣ ਸਰਹੱਦੀ